Rs.10/-

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Excellence in Agri Info

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh ● RNI/42269/83 ● Issue Dated 25-05-2024 ● Vol.42 No.21 ● Ph. : 0175-2214575, 90410-14575 ● Page : 16 E-mail : khetiduniyan1983@gmail.com



# ਝੋਨੇ ਹੇਠ ਰਕਬਾ ਘੱਟ ਕਰਨ ਦੀ ਲੋੜ



ਝੋਨਾ ਪੰਜਾਬ ਵਿਚ ਸਾਉਣੀ ਦੀ ਮੁੱਖ ਫਸਲ ਬਣ ਗਿਆ ਹੈ। ਪਿਛਲੇਸਾਲ ਇਸ ਦੀ ਕਾਸ਼ਤ 31.45 ਲੱਖ ਹੈਕਟੇਅਰ ਵਿਚ ਹੋਈ। ਪੰਜਾਬ ਸਰਕਾਰ ਦੇ ਸਾਰੇ ਯਤਨ ਤੇ ਲੋਕ ਪ੍ਰਚਾਰ ਨਾਲ ਝੋਨੇ ਹੇਠੋਂ ਰਕਬਾ ਨਹੀਂ ਕੱਢਿਆ ਜਾ ਸਕਿਆ, ਸਗੋਂ ਇਸ ਵਿਚ ਵਾਧਾ ਹੀ ਹੋਇਆ ਹੈ। ਇਸ ਦਾ ਮੁੱਖ ਕਾਰਨ ਝੋਨੇ ਦੀ ਬਰਸਾਤ ਦੀ ਮਾਰ, ਝੱਲ ਲੈਣ ਦੀ ਸ਼ਕਤੀ ਹੈ। ਦੂਜਾ ਕਾਰਨ ਪਹਿਲਾਂ ਤੋਂ ਮਿੱਥੇ ਮੁੱਲ ਉੱਤੇ ਯਕੀਨੀ ਖਰੀਦ ਹੈ ਅਤੇ ਤੀਜਾ ਕਾਰਨ ਸਾਰੀਆਂ ਅਨਾਜੀ ਫਸਲਾਂ ਵਿਚ ਘੱਟ ਸਮਾਂ ਲੈਕੇ ਸਭ ਤੋਂ ਵੱਧ ਝਾੜ ਦੇਣਾ ਹੈ। ਅਸਲ ਵਿਚ ਜੇਕਰ ਪੰਜਾਬ ਦੇ ਕਿਸਾਨ ਦੇ ਘਰ ਚੁੱਲ੍ਹਾ ਮਘਦਾ ਹੈ ਤਾਂ ਉਸ ਵਿਚ ਝੋਨੇ ਦਾ ਸਭ ਤੋਂ ਵੱਧ ਯੋਗਦਾਨ ਹੈ। ਇਹ ਮੰਨਿਆ ਜਾਂਦਾ ਹੈ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਆਈ ਮੁੱਖ ਘਾਟ ਦਾ ਕਾਰਨ ਝੋਨਾ ਹੀ ਹੈ। ਉਂਝ ਸਾਰੇ ਦੇਸ਼ ਵਿਚ ਜਿੱਥੇ ਝੋਨੇ ਦੀ ਖੇਤੀ ਨਹੀਂ ਹੁੰਦੀ ਪਾਣੀ ਦੀ ਘਾਟ ਉੱਥੇ ਵੀ ਆ ਰਹੀ ਹੈ। ਜੇਕਰ ਝੋਨੇ ਦੀਆਂ ਘਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਲੁਆਈ 20 ਜੂਨ ਤੋਂ ਪਿਛੋਂ ਕੀਤੀ ਜਾਵੇ ਤਾਂ ਸਗੋਂ ਝੋਨਾ ਪਾਣੀ ਦੀ ਘਾਟ ਪੂਰੀ ਕਰਨ ਵਿਚ ਸਹਾਇਤਾ ਕਰਦਾ ਹੈ। ਪਾਣੀ ਦੀ ਬੱਚਤ ਲਈ ਖੋਜ ਕਰਨ ਦੀ ਲੋੜ ਹੈ ਤਾਂ ਜੋ ਬਿਨ੍ਹਾਂ ਕੱਦੂ ਕੀਤਿਆਂ ਝੋਨੇ ਦੀ ਪਨੀਰੀ ਲਗਾਈ ਜਾ ਸਕੇ। ਇਸ ਨਾਲ ਬਰਸਾਤ ਦੇ ਪਾਣੀ ਨੂੰ ਧਰਤੀ ਹੇਠ ਭੇਜਣ ਵਿਚ ਸਹਾਇਤਾ ਮਿਲੇਗੀ। ਕੁਝ ਕਿਸਾਨਾਂ ਨੇ ਵੱਟਾਂ ਉੱਤੇ ਪਨੀਰੀ ਲਗਾ ਕੇ ਝੋਨੇ ਦੀ ਸਫਲ ਖੇਤੀ ਕੀਤੀ ਹੈ ਜਿਸ ਨਾਲ ਪਾਣੀ ਦੀ ਚੋਖੀ ਬੱਚਤ ਹੋਈ ਹੈ। ਇਸ ਪਾਸੇ ਹੋਰ ਖੋਜ ਦੀ ਲੋੜ ਹੈ। ਫਿਰ ਭੀ ਝੋਨੇ ਹੇਠੋਂ ਕੁਝ ਰਕਬਾ ਕੱਢਣਾ ਜ਼ਰੂਰੀ ਹੈ ਕਿਉਂਕਿ ਉੱਚੀਆਂ ਅਤੇ ਰੇਤਲੀਆਂ ਥਾਵਾਂ ਉੱਤੇ ਦੂਜੀਆਂ ਫਸਲਾਂ ਦੀ ਬਿਜਾਈ ਨਾਲ ਪਾਣੀ ਦੀ ਵੀ ਬੱਚਤ ਹੋਵੇਗੀ ਅਤੇ ਫਸਲ ਵਿਭਿੰਨਤਾ ਨੂੰ ਵੀ ਹੁਲਾਰਾ ਮਿਲੇਗਾ।



ਜੇਕਰ ਪੰਜਾਬ ਸਰਕਾਰ ਸੰਜੀਦਗੀ ਨਾਲ ਯਤਨ ਕਰੇ ਤਾਂ ਅਗਲੇ ਚਾਰ ਸਾਲਾਂ ਵਿਚ ਝੋਨੇ ਹੇਠੋਂ ਪੰਜ ਲੱਖ ਹੈਕਟੇਅਰ ਰਕਬਾ ਕੱਢਣ ਦਾ ਟੀਚਾ ਮਿਥਿਆ ਜਾ ਸਕਦਾ ਹੈ। ਸਰਕਾਰ ਦੇ ਸਬੰਧਿਤ ਮਹਿਕਮੇ ਆਪਣੇ ਯਤਨਾਂ ਨਾਲ ਇਹ ਟੀਚਾ ਪੂਰਾ ਕਰ ਸਕਦੇ ਹਨ। ਹੁਣ ਨਰਮੇ ਦੀ ਬਿਜਾਈ ਦਾ ਸਮਾਂ ਚਲ ਰਿਹਾ ਹੈ। ਪਿਛਲੇ ਸਾਲ ਨਰਮੇ ਦੀ ਕੀਮਤ ਠੀਕ ਰਹੀ ਇਸ ਕਰਕੇ ਰਕਬੇ ਵਿਚ ਵਾਧਾ ਕੀਤਾ ਜਾ ਸਕਦਾ ਹੈ। ਨਰਮੇ ਦੀ ਬਿਜਾਈ ਅਪ੍ਰੈਲ-ਮਈ ਵਿਚ ਹੁੰਦੀ ਹੈ। ਇਸ ਲਈ ਰੌਣੀ ਦੀ ਲੋੜ ਪੈਂਦੀ ਹੈ। ਸਰਕਾਰ ਯਕੀਨੀ ਬਣਾਵੇ ਕਿ ਸੂਬੇ ਦੀ ਨਰਮਾ ਪੱਟੀ ਵਿਚ ਇਹ ਦੋ ਮਹੀਨੇ ਨਹਿਰੀ ਪਾਣੀ ਬਕਾਇਦਗੀ ਨਾਲ ਛੱਡਿਆ ਜਾਵੇ। ਹੁਣੇ ਹੋਈ ਬੇਮੌਸਮੀ ਬਰਸਾਤ ਨਾਲ ਇਸੇ ਇਲਾਕੇ ਵਿਚ ਵੱਧ ਨੁਕਸਾਨ ਹੋਇਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਨਰਮੇ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਦਾ ਸ਼ੁੱਧ ਬੀਜ ਕਿਸਾਨ ਨੂੰ ਰਿਆਇਤੀ ਕੀਮਤ ਉੱਤੇ ਦਿੱਤਾ ਜਾਵੇ। ਇਹ ਕਾਰਜ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਰਾਹੀਂ ਕੀਤਾ ਜਾ ਸਕਦਾ ਹੈ। ਪਿਛਲੇ ਸਾਲ ਸੂਬੇ ਵਿਚ ਨਰਮੇ ਦੀ ਖੇਤੀ ਕੋਈ ਢਾਈ ਲੱਖ ਹੈਕਟੇਅਰ ਵਿਚ ਕੀਤੀ ਗਈ। ਇਸ ਨਾਲ ਇਹ ਰਕਬਾ ਤਿੰਨ ਲੱਖ ਹੈਕਟੇਅਰ ਕੀਤਾ ਜਾ ਸਕਦਾ ਹੈ।

ਪਿਛਲਾ ਵਰ੍ਹਾ ਸਾਰੇ ਸੰਸਾਰ ਵਿਚ ਮੋਟੇ ਅਨਾਜਾਂ ਦੇ ਵਰ੍ਹੇ ਦੇ ਰੂਪ ਵਿਚ ਮਨਾਇਆ ਗਿਆ ਹੈ। ਇਸ ਦਾ ਉਪਰਾਲਾ ਵੀ ਭਾਰਤ ਸਰਕਾਰ ਵੱਲੋਂ ਹੀ ਕੀਤਾ ਗਿਆ ਸੀ। ਪੰਜਾਬ ਸਰਕਾਰ ਨੂੰ ਵੀ ਇਸ ਪਾਸੇ ਯਤਨ ਕਰਨੇ ਚਾਹੀਦੇ ਹਨ। ਪੰਜਾਬ ਵਿਚ ਬਾਜਰੇ ਦੀ ਅਨਾਜ ਲਈ ਖੇਤੀ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਜਦੋਂ ਸਿੰਚਾਈ ਸਹੂਲਤਾਂ ਵਿਚ ਵਾਧਾ ਨਹੀਂ ਸੀ ਹੋਇਆ ਉਦੋਂ ਪੰਜਾਬ ਵਿਚ ਬਾਜਰਾ ਹੀ ਸਾਉਣੀ ਦੀ ਮੁੱਖ ਫਸਲ ਹੁੰਦੀ ਸੀ। ਇਹ ਰੇਤ ਦੇ ਟਿੱਬਿਆਂ ਵਿਚ ਬਰਾਨੀ ਹੀ ਹੋ ਜਾਂਦਾ ਸੀ। ਮਾਲਵੇ ਦੇ ਰੇਤਲੇ ਟਿੱਬੇ ਅਤੇ ਦੁਆਬੇ ਦੇ ਰੇਤਲੇ ਇਲਾਕਿਆਂ ਵਿਚ ਇਸ ਦੀ ਖੇਤੀ ਹੁੰਦੀ ਸੀ। ਮਾਲਵੇ ਵਿਚ ਤਾਂ ਬਾਜਰੇ ਦੀ ਹੀ ਰੋਟੀ ਪੱਕਦੀ ਹੈ ਕਿਉਂਕਿ ਕਣਕ ਤਾਂ ਕਿਸੇ ਨਸੀਬਾਂ ਵਾਲਿਆਂ ਨੂੰ ਹੀ ਨਸੀਬ ਹੁੰਦੀ ਸੀ। ਅਸਲ ਵਿਚ ਬਾਜਰੇ ਨੂੰ ਮਾਲਵੇ ਦੀ ਆਰਥਿਕਤਾ ਦਾ ਧੁਰਾ ਮੰਨਿਆ ਜਾਂਦਾ ਸੀ। ਇਸੇ ਕਰਕੇ ਬਾਜਬੇ ਵਿਚ ਹੀ ਖੋਜ ਕਾਰਜ ਸ਼ੁਰੂ ਹੋਇਆ। ਸੰਸਾਰ ਵਿਚ ਬਾਜਰੇ ਦੀ ਪਹਿਲੀ ਦੋਗਲੀ ਕਿਸਮ ਪੀ ਐੱਚ ਬੀ-1 ਡਾ. ਦਿਲਬਾਗ ਸਿੰਘ ਅਟਵਾਲ ਹੋਰਾਂ 1965 ਵਿਚ ਵਿਕਸਤ ਕੀਤੀ ਸੀ। ਕੁਝ ਸਮੇਂ ਪਿਛੋਂ ਇਹ ਬਿਮਾਰੀ ਦਾ ਸ਼ਿਕਾਰ ਹੋ ਗਈ ਤੇ ਮੁੜ ਡਾ. ਖੇਮ ਸਿੰਘ ਗਿੱਲ ਹੋਰਾਂ ਦੂਜੀ ਕਿਸਮ ਪੀ ਐੱਚ ਬੀ-10 ਤਿਆਰ ਕੀਤੀ। ਇਨ੍ਹਾਂ ਦੋਵਾਂ ਖੇਤੀ ਵਿਗਿਆਨੀਆਂ ਨੂੰ ਭਾਰਤ ਸਰਕਾਰ ਵੱਲੋਂ ਪਦਮ ਭੂਸ਼ਨ ਦਾ ਸਨਮਾਨ ਵੀ ਪ੍ਰਾਪਤ ਹੋਇਆ ਸੀ, ਕਿਉਂਕਿ, ਪਿਛੋਂ ਇਨ੍ਹਾਂ ਦੋਵਾਂ ਨੇ ਹੀ ਕਣਕ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ ਸਨ। ਸਾਡੇ ਲੋਕ ਗੀਤਾਂ ਵਿਚ ਸਭ ਤੋਂ ਵੱਧ ਬਾਜਰੇ ਦੇ ਹੀ ਚਰਚੇ ਹਨ। ਹੁਣ ਬਾਜਰੇ ਦੀ ਖੇਤੀ ਕੇਵਲ ਚਾਰੇ ਲਈ ਹੀ ਕੀਤੀ ਜਾਂਦੀ ਹੈ। ਜੇਕਰ ਪ੍ਰਚਾਰ ਕੀਤਾ ਜਾਵੇ ਤਾਂ ਇਸ ਵਾਰ ਬਾਜਰੇ ਦੀ ਅਨਾਜ ਲਈ ਖੇਤੀ ਕੋਈ 50 ਹਜ਼ਾਰ ਹੈਕਟੇਅਰ ਵਿਚ ਕੀਤੀ ਜਾ ਸਕਦੀ ਹੈ। ਇੱਕ ਨਵੀਂ ਕਿਸਮ ਪੀ ਸੀ ਬੀ-166 ਦੀ ਸਿਫਾਰਸ਼ ਕੀਤੀ ਗਈ ਹੈ। ਜਿਸ ਤੋਂ ਇਕ ਏਕੜ ਵਿਚੋਂ 16 ਕੁਇੰਟਲ ਤੋਂ ਵੱਧ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ। ਅਜੇਹਾ ਕਰਨ ਲਈ ਖੇਤੀ ਬਾੜੀ ਵਿਭਾਗ ਵਲੋਂ ਇਸ ਕਿਸਮ ਦੇ ਬੀਜ ਦਾ ਪ੍ਰਬੰਧ ਕਰਨਾ ਪਵੇਗਾ ਅਤੇ ਪੰਜਾਬ ਸਰਕਾਰ ਨੂੰ ਮਿੱਥੇ ਘੱਟੋ ਘੱਟ ਮੁੱਲ ਉੱਤੇ ਖਰੀਦ ਨੂੰ ਯਕੀਨੀ ਬਣਾਉਣਾ ਪਵੇਗਾ। ਇਤਨੀ ਘੱਟ ਮਿਕਦਾਰ ਦੀ ਖਰੀਦ ਪੰਜਾਬ ਸਰਕਾਰ ਆਪਣੀ ਹਿੰਮਤ ਨਾਲ ਵੀ ਕਰ ਸਕਦੀ ਹੈ। ਸਰਕਾਰ ਵੱਲੋਂ ਕਣਕ ਦੇ ਬੀਜ ਉੱਤੇ ਦਿੱਤੀ ਜਾ ਰਹੀ ਰਿਆਇਤ ਬਾਜਰੇ ਦੀ ਇਸ ਕਿਸਮ ਦੇ ਬੀਜ ਉੱਤੇ ਦੇਣੀ ਚਾਹੀਦੀ ਹੈ।

ਝੋਨੇ ਤੋਂ ਪਹਿਲਾਂ ਬਾਜਰੇ ਦੇ ਨਾਲ ਹੀ ਸੇਂਜੂ ਖੇਤਾਂ ਵਿਚ ਸਾਉਣੀ ਦੇ ਮੌਸਮ ਵਿਚ ਮੱਕੀ ਦੀ ਕਾਸ਼ਤ ਕੀਤੀ ਜਾਂਦੀ ਸੀ। ਅਸਲ ਵਿਚ ਮਾਝੇ ਅਤੇ ਦੁਆਬੇ ਦੇ ਲੋਕ ਸਿਆਲ ਦੇ ਦਿਨਾਂ ਵਿਚ ਆਮ ਕਰਕੇ ਸਰ੍ਹੋਂ ਦੇ ਸਾਗ ਨਾਲ ਮੱਕੀ ਦੀ ਰੋਟੀ ਹੀ ਖਾਂਦੇ ਸਨ। ਮੱਕੀ ਦੀ ਰੋਟੀ ਦੀ ਵਰਤੋਂ ਚੂਰੀ ਕੁੱਟਣ ਲਈ ਵੀ ਹੁੰਦੀ ਹੈ। ਜਦੋਂ ਸਕੂਲ ਜਾਂਦੇ ਸਨ ਤਾਂ ਮਾਂ ਡੱਬੀ ਵਿਚ ਚੂਰੀ ਕੁੱਟ ਕੇ ਪਾ ਦਿੰਦੀ ਸੀ। ਚੂਰੀ ਮੱਕੀ ਦੀ ਰੋਟੀ, ਦੇਸੀ ਘਿਓ ਅਤੇ ਸ਼ੱਕਰ ਨੂੰ ਰਲਾਕੇ ਬਣਾਈ ਜਾਂਦੀ ਸੀ। ਪਿਛਲੇ ਸਾਲ ਪੰਜਾਬ ਵਿਚ ਮੱਕੀ ਦੀ ਖੇਤੀ ਇਕ ਲੱਖ ਪੰਜ ਹਜ਼ਾਰ ਹੈਕਟੇਅਰ ਉੱਤੇ ਕੀਤੀ ਗਈ। ਇੰਝ ਸੂਬੇ ਵਿਚ ਕਣਕ ਝੋਨਾ ਤੇ ਨਰਮਾ ਪਿੱਛੋਂ ਇਹ ਤੀਜੀ ਫਸਲ ਬਣ ਗਈ ਹੈ। ਪੰਜਾਬ ਵਿਚ ਕਾਸ਼ਤ ਲਈ ਪੀ ਐੱਮ ਐੱਚ 13 ਅਤੇ ਏ ਡੀ ਵੀ 9293 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਨ੍ਹਾਂ ਤੋਂ 24 ਕੁਇੰਟਲ ਤੋਂ ਵੱਧ ਏਕੜ ਝਾੜ ਪ੍ਰਾਪਤ ਹੋ ਸਕਦਾ ਹੈ ਅਤੇ ਪੱਕਣ ਵਿਚ 100 ਦਿਨਾਂ ਦਾ ਸਮਾਂ ਲੈਂਦੀਆਂ ਹਨ। ਸ਼ਹਿਰਾਂ ਦੇ ਨੇੜੇ ਹਰੀਆਂ ਛੱਲੀਆਂ ਵੀ ਵੇਚੀਆਂ ਜਾ ਸਕਦੀਆਂ ਹਨ। ਇਨ੍ਹਾਂ ਦੇ ਟਾਂਡੇ ਡੰਗਰਾਂ ਲਈ ਵਧੀਆ ਚਾਰਾ ਹਨ ਇਸ ਕਰਕੇ ਸਾਂਭ ਸੰਭਾਲ ਦੀ ਕੋਈ ਸਮੱਸਿਆ ਨਹੀਂ ਹੈ। ਜੇਕਰ ਕਿਸਾਨਾਂ ਨੂੰ ਇਨ੍ਹਾਂ ਕਿਸਮਾਂ ਦਾ ਸ਼ੁੱਧ ਬੀਜ ਵਾਜਬ ਭਾਅ ਉੱਤੇ ਮਿਲ ਸਕੇ ਤਾਂ ਮੱਕੀ ਹੇਠ ਰਕਬਾ ਡੇਢ ਲੱਖ ਹੈਕਟੇਅਰ ਹੋ ਸਕਦਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਮੱਕੀ ਅਧਾਰਿਤ ਪੰਜਾਬ ਵਿਚ ਕਾਰਖਾਨੇ ਲਗਵਾਏ। ਇਸ ਪਾਸੇ ਪੰਜਾਬ ਐਗਰੋ ਯਤਨ ਕਰ ਸਕਦੀ ਹੈ। ਕਾਰਖਾਨੇ ਲੱਗਣ ਤੋਂ ਮੱਕੀ ਦੀ ਵਿਕਰੀ ਦੀ ਸਮੱਸਿਆ ਨਹੀਂ ਬਣੇਗੀ।

ਪਿਛਲੇ ਸਾਲ ਸਰਕਾਰ ਨੇ ਮੂੰਗੀ ਦੀ ਖਰੀਦ ਸਮਰਥਨ ਮੁੱਲ ਉੱਤੇ ਕੀਤੀ ਸੀ। ਜੇਕਰ ਇਸ ਵਾਰ ਵੀ ਅਜਿਹਾ ਹੋਵੇ ਤਾਂ ਮੂੰਗੀ ਹੇਠ ਰਕਬਾ ਵੱਧ ਸਕਦਾ ਹੈ। ਪਿਛਲੇ ਸਾਲ ਮੂੰਗੀ ਦੀ ਕਾਸ਼ਤ ਕੇਵਲ ਦੋ ਹਜ਼ਾਰ ਹੈਕਟੇਅਰ ਉੱਤੇ ਹੋਈ ਸੀ। ਇਸ ਵਾਰ ਇਹ ਰਕਬਾ ਤਿੰਨ



ਹਜ਼ਾਰ ਹੈਕਟੇਅਰ ਕੀਤਾ ਜਾ ਸਕਦਾ ਹੈ। ਐੱਮ ਐੱਲ 1808 ਅਤੇ ਐੱਮ ਐੱਲ 2056 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਨ੍ਹਾਂ ਕਿਸਮਾਂ ਤੋਂ ਪੰਜ ਕੁਇੰਟਲ ਪ੍ਰਤੀ ਏਕੜ ਤੱਕ ਝਾੜ ਪ੍ਰਾਪਤ ਹੋ ਸਕਦਾ ਹੈ।

ਪੰਜਾਬ ਸੰਸਾਰ ਦੇ ਉਨ੍ਹਾਂ ਕੁੱਝ ਕੁ ਖਿੱਤਿਆਂ ਵਿੱਚੋਂ ਹੈ ਜਿੱਥੇ ਬਾਸਮਤੀ ਦੀ ਸਫਲ ਕਾਸ਼ਤ ਕੀਤੀ ਜਾ ਸਕਦੀ ਹੈ। ਪੰਜਾਬੀ ਮੁੱਢ ਕਦੀਮ ਤੋਂ ਹੀ ਬਾਸਮਤੀ ਦੀ ਕਾਸ਼ਤ ਕਰਦੇ ਆ ਰਹੇ ਹਨ। ਕੋਈ



ਵੀ ਸਮਾਗਮ ਜਾਂ ਧਾਰਮਿਕ ਰਸਮ ਚੌਲਾਂ ਬਗੈਰ ਅਧੂਰੀ ਹੈ। ਇਥੋਂ ਤੱਕ ਆਖਿਆ ਜਾਂਦਾ ਹੈ :

ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ
ਰੱਬ ਨੇ ਮਿਲਾਈਆਂ ਜੋੜੀਆਂ।

ਇਸ ਸਮੇਂ ਪਾਕਿਸਤਾਨੀ ਪੰਜਾਬ ਦੀ ਬਾਸਮਤੀ ਵਿਸ਼ਵ ਮੰਡੀ ਵਿਚ ਪਹਿਲੇ ਨੰਬਰ ਉੱਤੇ ਹੈ। ਇਸ ਪਾਸੇ ਵੀ ਬਾਸਮਤੀ ਹੇਠ ਰਕਬੇ ਵਿਚ ਵਾਧਾ ਕੀਤਾ ਜਾ ਸਕਦਾ ਹੈ। ਇੰਝ ਪਾਣੀ ਦੀ ਵੀ ਬੱਚਤ ਹੋ ਜਾਵੇਗੀ ਕਿਉਂਕਿ ਬਾਸਮਤੀ ਦੀ ਲੁਆਈ ਜੁਲਾਈ ਵਿਚ ਕੀਤੀ ਜਾਂਦੀ ਹੈ। ਪਿਛਲੇ ਸਾਲ ਪੰਜਾਬ ਵਿਚ 406000 ਹੈਕਟੇਅਰ ਵਿਚ ਇਸ ਦਾ ਕਾਸ਼ਤ ਕੀਤੀ ਗਈ। ਪੰਜਾਬ ਸਰਕਾਰ ਨੇ ਇਸ ਵਾਰ ਸਮਰਥਨ ਮੁੱਲ ਦੇਣ ਦਾ ਫੈਸਲਾ ਕੀਤਾ ਹੈ। ਇੰਝ ਘੱਟੋ ਘੱਟ ਪੰਜ ਲੱਖ ਹੈਕਟੇਅਰ ਧਰਤੀ ਵਿਚ ਬਾਸਮਤੀ ਦੀ ਕਾਸ਼ਤ ਹੋ ਸਕਦੀ ਹੈ। ਪੰਜਾਬ ਬਾਸਮਤੀ 7 ਪੱਕਣ ਵਿਚ 100 ਦਿਨ ਲੈਂਦੀ ਹੈ ਅਤੇ ਇਸ ਦਾ ਝਾੜ ਸਾਰੀਆਂ ਕਿਸਮਾਂ ਨਾਲੋਂ ਵੱਧ 19 ਕੁਇੰਟਲ ਪ੍ਰਤੀ ਏਕੜ ਹੈ। ਇਸ ਵਿਚ ਰਵਾਇਤੀ ਕਿਸਮਾਂ ਵਾਲੀ ਸੁਗੰਧ ਵੀ ਹੈ ਅਤੇ ਬਿਮਾਰੀਆਂ ਦਾ ਟਾਕਰਾ ਵੀ ਕਰ ਸਕਦੀ ਹੈ।

ਪੰਜਾਬ ਵਿਚ ਸਬਜ਼ੀਆਂ ਹੇਠ ਬਹੁਤ ਘੱਟ ਰਕਬਾ ਹੈ। ਇਨ੍ਹਾਂ ਦੀ ਕਾਸ਼ਤ ਕੇਵਲ ਤਿੰਨ ਲੱਖ ਹੈਕਟੇਅਰ ਵਿਚ ਕੀਤੀ ਜਾਂਦੀ ਹੈ। ਇਸ ਵਿਚੋਂ ਵੀ ਅੱਧ ਰਕਬਾ ਕੇਵਲ ਆਲੂਆਂ ਅਤੇ ਮਟਰਾਂ ਹੇਠ ਹੈ। ਸੂਬੇ ਵਿਚ ਨਵੀਆਂ ਬਾਗਬਾਨੀ ਇਸਟੇਟ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਇੰਝ ਸਬਜ਼ੀਆਂ ਹੇਠ 50000 ਹੈਕਟੇਅਰ ਧਰਤੀ ਵਿਚ ਹੋਰ ਵਾਧਾ ਕੀਤਾ ਜਾ ਸਕਦਾ ਹੈ। ਪਿਆਜ਼ ਹੇਠ ਬਹੁਤ ਘੱਟ ਰਕਬਾ ਹੈ ਇਸ ਵਿਚ ਵਾਧੇ ਦੀ ਲੋੜ ਹੈ। ਪਿਆਜ਼ ਹੇਠ ਕੇਵਲ ਦੱਸ ਹਜ਼ਾਰ ਰਕਬਾ ਹੈ। ਪੀ ਆਰ ਓ-7 ਅਤੇ ਪੀ ਵਾਈ ਓ-102 ਵਧੀਆ ਕਿਸਮਾਂ ਹਨ ਜਿਨ੍ਹਾਂ ਤੋਂ ਇਕ ਏਕੜ ਵਿੱਚੋਂ 160 ਕੁਇੰਟਲ ਤੋਂ ਵੱਧ ਪਿਆਜ਼ ਪ੍ਰਾਪਤ ਹੋ ਸਕਦੇ ਹਨ।

ਉੱਪਰ ਦੱਸੇ ਵਿਸਥਾਰ ਅਨੁਸਾਰ ਇਸ ਸਾਉਣੀ ਵਿਚ ਅਸੀਂ ਦੋ ਲੱਖ ਹੈਕਟੇਅਰ ਧਰਤੀ ਝੋਨੇ ਹੇਠੋਂ ਕੱਢ ਸਕਦੇ ਹਾਂ। ਇਸ ਨਾਲ ਧਰਤੀ ਹੇਠਲੇ ਪਾਣੀ ਦੀ ਬੱਚਤ ਹੀ ਨਹੀਂ ਹੋਵੇਗੀ ਸਗੋਂ ਰਸਾਇਣਾਂ ਦੀ ਵਰਤੋਂ ਵੀ ਘੱਟ ਜਾਵੇਗੀ। ਲੋੜ ਕੇਵਲ ਸੰਜੀਦਗੀ ਨਾਲ ਯਤਨ ਕਰਨ ਦੀ ਹੈ।

# ਝੋਨੇ ਦੀ ਪਨੀਰੀ ਅਤੇ ਨਰਮੇ ਵਿੱਚ ਨਦੀਨਾਂ ਦੀ ਰੋਕਥਾਮ

ਪਰਮਿੰਦਰ ਸਿੰਘ ਸੰਧੂ ਅਤੇ ਅਮਿਤ ਕੌਲ,
ਫਸਲ ਵਿਗਿਆਨ ਵਿਭਾਗ, ਪੀ.ਏ.ਯੂ., ਲੁਧਿਆਣਾ
ਮੋਬਾਇਲ : 70874-29468



## ਝੋਨੇ ਦੀ ਪਨੀਰੀ ਵਿੱਚ ਨਦੀਨਾਂ ਦੀ ਰੋਕਥਾਮ

★ ਝੋਨੇ ਦੀ ਪਨੀਰੀ ਵਿਚ ਸੁਆਂਕ, ਸੁਆਂਕੀ ਆਦਿ ਨਦੀਨ ਹੀ ਜ਼ਿਆਦਾ ਹੁੰਦੇ ਹਨ। ਆਮ ਕਰਕੇ ਪਨੀਰੀ ਵਿਚ ਨਦੀਨਾਂ ਦੀ ਪਹਿਚਾਣ ਕਰਨਾ ਮੁਸ਼ਕਲ ਹੁੰਦਾ ਹੈ ਕਿਉਕਿ ਜ਼ਿਆਦਾਤਰ ਨਦੀਨ ਝੋਨੇ ਵਰਗੇ ਹੀ ਲੱਗਦੇ ਹਨ।

★ ਸੁਆਂਕ, ਸੁਆਂਕੀ ਅਤੇ ਕਈ ਹੋਰ ਮੌਸਮੀ ਘਾਹ ਦੀ ਸਮੱਸਿਆ ਲਈ 1200 ਮਿਲੀਲਿਟਰ ਪ੍ਰਤੀ ਏਕੜ ਬੂਟਾਕਲੋਰ 50 ਈ ਸੀ ਦੇ ਸਿਫਾਰਿਸ਼ ਕੀਤੇ ਵੱਖ-ਵੱਖ ਬਰਾਂਡਾਂ ਵਿੱਚੋਂ ਕਿਸੇ ਇੱਕ ਨੂੰ 60 ਕਿਲੋ ਰੇਤ ਮਿਲਾ ਕੇ ਬਿਜਾਈ ਤੋਂ 7 ਦਿਨਾਂ ਪਿੱਛੋਂ ਛੱਟਾ ਦਿਓ ਜਾਂ 500 ਮਿਲੀਲਿਟਰ ਸੋਫਿਟ 37.5 ਈ ਸੀ ਨੂੰ ਰੇਤ 'ਚ ਮਿਲਾ ਕੇ ਬਿਜਾਈ ਤੋਂ 3 ਦਿਨਾਂ ਪਿੱਛੋਂ ਛੱਟਾ ਦਿਓ।

★ ਬਿਜਾਈ ਤੋਂ 15-20 ਦਿਨਾਂ ਪਿੱਛੋਂ ਨਦੀਨਾਂ ਦੀ ਰੋਕਥਾਮ ਲਈ 100 ਮਿਲੀਲਿਟਰ ਪ੍ਰਤੀ ਏਕੜ ਨੌਮਿਨੀ ਗੋਲਡ/ਵਾਸ਼ ਆਊਟ/ਤਾਰਕ 10 ਐਸ ਸੀ ਨੂੰ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

## ਨਰਮੇ ਵਿਚ ਨਦੀਨਾਂ ਦੀ ਰੋਕਥਾਮ

★ ਆਮ ਤੌਰ ਤੇ ਨਰਮੇ ਵਿਚ ਚੌੜੀ ਪੱਤੀ ਵਾਲੇ ਨਦੀਨ ਇੱਟਸਿਟ/ਚੁਪੱਤੀ ਅਤੇ ਮਧਾਣਾ/ਮੱਕੜਾ ਆਦਿ ਵਧੇਰੇ ਹੁੰਦੇ ਹਨ। ਨਰਮੇ ਦੀ ਫਸਲ ਵਿਚ 2-3 ਗੋਡੀਆਂ ਨਦੀਨਾਂ ਦੀ ਰੋਕਥਾਮ ਲਈ ਕਾਫੀ ਲਾਹੇਵੰਦ ਹੁੰਦੀਆਂ ਹਨ।

★ ਇੱਟਸਿਟ/ਚੁਪੱਤੀ ਅਤੇ ਮਧਾਣਾ/ਮੱਕੜਾ ਦੀ ਰੋਕਥਾਮ ਲਈ 1.0 ਲਿਟਰ ਪ੍ਰਤੀ ਏਕੜ ਸਟੌਂਪ 30 ਈ ਸੀ (ਪੈਂਡੀਮੈਥਾਲੀਨ) ਨੂੰ 200 ਲਿਟਰ ਪਾਣੀ ਨਾਲ ਬਿਜਾਈ ਦੇ 24 ਘੰਟੇ ਅੰਦਰ ਛਿੜਕੋ ਅਤੇ ਜੇਕਰ ਲੋੜ ਹੋਵੇ ਤਾਂ ਬਿਜਾਈ ਤੋਂ 45 ਦਿਨ ਬਾਅਦ ਇਕ ਗੋਡੀ ਕਰੋ।

★ ਪਾਣੀ ਲਾਉਣ ਪਿੱਛੋਂ ਜਾਂ ਮੀਂਹ ਪੈਣ ਤੇ ਨਦੀਨ ਉੱਗ ਪੈਣ ਤਾਂ 1.0 ਲਿਟਰ ਪ੍ਰਤੀ ਏਕੜ ਸਟੌਂਪ 30 ਈ ਸੀ ਜਾਂ 500 ਮਿਲੀਲਿਟਰ ਪ੍ਰਤੀ ਏਕੜ ਹਿਟਵੀਡ ਮੈਕਸ 10 ਪ੍ਰਤੀਸ਼ਤ (ਪਾਇਰੀਥਾਇਉਬੈਕ ਸੋਡੀਅਮ 6%+ਕੁਇਜ਼ਾਲੋਫਾਪ ਇਥਾਇਲ 4%) ਛਿੜਕਾਅ ਪਾਣੀ ਲਾਉਣ ਤੋਂ ਬਾਅਦ ਚੰਗੇ ਵੱਤਰ ਵਿਚ ਕਰੋ।

★ ਜੇਕਰ ਪਹਿਲਾਂ ਕੋਈ ਨਦੀਨ ਉੱਗਿਆ ਹੋਵੇ ਤਾਂ ਉਸਨੂੰ ਸਪਰੇਅ ਤੋਂ ਪਹਿਲਾਂ ਗੋਡੀ ਕਰਕੇ ਪੁੱਟ ਦਿਓ।

★ ਗਰੈਮਕਸੋਨ 24 ਐਸ ਐਲ (ਪੈਰਾਕੁਐਟ) 500 ਮਿਲੀਲਿਟਰ ਜਾਂ ਸਵੀਪ ਪਾਵਰ 13.5 ਐਸ ਐਲ (ਗਲੂਫੋਸੀਨੇਟ ਅਮੋਨੀਅਮ) 900 ਮਿਲੀਲਿਟਰ ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਬਿਜਾਈ ਤੋਂ 6-8 ਹਫਤੇ ਬਾਅਦ ਜਦੋਂ ਫਸਲ ਦਾ ਕੱਦ ਤਕਰੀਬਨ ਡੇਢ ਫੁੱਟ ਹੋ ਜਾਵੇ ਤਾਂ ਫਸਲ ਦੀਆਂ ਕਤਾਰਾਂ ਵਿਚਕਾਰ ਨਦੀਨਾਂ ਉੱਪਰ ਸਿੱਧਾ ਛਿੜਕਾਅ ਕਰੋ।

★ ਛਿੜਕਾਅ ਸਮੇਂ ਨੋਜ਼ਲ ਉੱਪਰ ਸੁਰੱਖਿਅਤ ਹੁੱਡ ਦੀ ਵਰਤੋਂ ਕਰੋ। ਛਿੜਕਾਅ ਕਰਦੇ ਸਮੇਂ ਇਸ ਗੱਲ ਦਾ ਧਿਆਨ ਰੱਖੋ ਕਿ ਨਦੀਨ-ਨਾਸ਼ਕਾਂ ਬੂਟਿਆਂ ਉੱਪਰ ਲਾ ਪਵੇ ਕਿਉਕਿ ਬੂਟਿਆਂ ਉੱਪਰ ਪੈਣ ਨਾਲ ਫਸਲ ਦਾ ਨੁਕਸਾਨ ਹੋ ਸਕਦਾ ਹੈ।

# ਨਰਮੇ/ਕਪਾਹ ਦੀ ਫਸਲ ਵਿੱਚ ਫਸਲ ਵਿੱਚ ਕੀੜੇ-ਮਕੌੜਿਆਂ ਦਾ ਹਮਲਾ ਘਟਾਉਣ ਲਈ ਬਿਜਾਈ ਵੇਲੇ ਕੁਝ ਜ਼ਰੂਰੀ ਨੁਕਤੇ

★ ਬੀ ਟੀ ਨਰਮੇ ਦੀਆਂ ਸਿਫਾਰਿਸ਼ ਕਿਸਮਾਂ ਹੀ ਬੀਜੋ।



★ ਚਿੱਟੀ ਮੱਖੀ ਅਤੇ ਪੱਤਾ ਮਰੋੜ ਬਿਮਾਰੀ ਦੇ ਜ਼ਿਆਦਾ ਹਮਲੇ ਵਾਲੇ ਇਲਾਕਿਆਂ ਵਿਚ ਦੇਸੀ ਕਪਾਹ ਦੀ ਬਿਜਾਈ ਨੂੰ ਤਰਜ਼ੀਹ ਦਿਓ।

★ ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਨਰਮੇ/ਕਪਾਹ ਦੀ ਬਿਜਾਈ ਨਿੰਬੂ ਜਾਤੀ ਦੇ ਬਾਗਾਂ ਦੇ ਨੇੜੇ ਨਾ ਕਰੋ।

★ ਗੈਰ ਬੀ ਟੀ ਦੇ ਰੂੰ ਵਾਲੇ ਬੀਜ ਵਿਚ ਗੁਲਾਬੀ ਸੁੰਡੀ ਦੇ ਲਾਰਵੇ ਹੋ ਸਕਦੇ ਹਨ ਇਸ ਲਈ ਬੀਜ ਨੂੰ ਲੂੰ ਰਹਿਤ ਕਰਕੇ ਬੀਜੋ।

★ ਚਿੱਟੀ ਮੱਖੀ, ਮੀਲੀ ਬੱਗ, ਤੰਬਾਕੂ ਦੀ ਸੁੰਡੀ ਅਤੇ ਚਿਤਕਬਰੀ ਸੁੰਡੀ ਦੇ ਫੈਲਾਅ ਨੂੰ ਰੋਕਣ ਲਈ ਬਿਜਾਈ ਤੋਂ ਪਹਿਲਾਂ ਖਾਲੀ ਥਾਵਾਂ, ਸੜਕਾਂ ਦੇ ਕਿਨਾਰਿਆਂ ਅਤੇ ਖਾਲਿਆਂ ਦੀ ਵੱਟਾਂ ਅਤੇ ਬੇਕਾਰ ਪਈ ਜ਼ਮੀਨ ਵਿੱਚੋਂ ਚਿੱਟੀਂ ਮੱਖੀ, ਮੀਲੀਬੱਗ ਅਤੇ ਲੀਫ ਕਰਲ (ਪੱਤਾ ਮਰੋੜ) ਬਿਮਾਰੀ ਦੇ ਬਦਲਵੇਂ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠਕੰਡਾ, ਕਾਂਗਰਸ ਘਾਹ, ਧਤੂਰਾ, ਭੰਗ, ਗੁੱਤ ਪੁੱਟਣਾ, ਭੱਖੜਾ, ਇੱਟਸਿਟ ਅਤੇ ਤਾਂਦਲਾ ਆਦਿ ਨੂੰ ਨਸ਼ਟ ਕਰੋ।

★ ਬਾਜਰਾ/ਮੱਕੀ/ਜਵਾਰ ਮੀਲੀਬੱਗ ਦੇ ਸਭ ਤੋਂ ਘੱਟ ਪਸੰਦ ਕੀਤੇ ਜਾਣ ਵਾਲੇ ਪੌਦੇ ਹਨ, ਇਹਨਾਂ ਨੂੰ ਖੇਤ ਦੇ ਆਲੇ ਦੁਆਲੇ ਰੱਖਿਅਕ ਤੌਰ ਤੇ ਬੀਜੋ।

★ ਟੀਂਡੇ ਦੀ ਅਮਰੀਕਣ, ਚਿਤਕਬਰੀ ਸੁੰਡੀ, ਤੰਬਾਕੂ ਸੁੰਡੀ, ਤੇਲੇ ਅਤੇ ਚਿੱਟੀ ਮੱਖੀ ਦੇ ਹਮਲੇ ਤੋਂ ਬਚਾਅ ਲਈ ਨਰਮੇ ਵਾਲੇ ਖੇਤਾਂ ਵਿਚ ਅਤੇ ਆਲੇ ਦੁਆਲੇ ਭਿੰਡੀ, ਮੂੰਗੀ, ਜੰਤਰ, ਅਰਿੰਡ ਜਾਂ ਅਰਹਰ ਨਾ ਬੀਜੋ। ਨਰਮੇ ਵਾਲੇ ਖੇਤਾਂ ਦੇ ਨੇੜੇ ਬੀਜੀਆਂ ਹੋਈਆਂ ਇਨ੍ਹਾਂ ਫਸਲਾਂ ਤੇ ਇਨ੍ਹਾਂ ਕੀੜਿਆਂ ਦੀ ਚੰਗੀ ਤਰ੍ਹਾਂ ਰੋਕਥਾਮ ਕਰੋ ਤਾਂ ਕਿ ਇਹ ਕਪਾਹ ਦੀ ਫਸਲ ਉੱਤੇ ਨਾ ਆ ਜਾਣ।

★ ਨਾਈਟ੍ਰੋਜਨ ਖਾਦ ਸਿਫਾਰਸ਼ ਕੀਤੀ ਮਾਤਰਾ ਤੋਂ ਵੱਧ ਨਾ ਪਾਓ ਕਿਉਕਿ ਇਸ ਨਾਲ ਕੀੜੇ-ਮਕੌੜੇ ਵੱਧ ਹਮਲਾ ਕਰਦੇ ਹਨ।

★ ਬਿਜਾਈ 67.5 ਸੈਂਟੀਮੀਟਰ ਦੂਰੀ ਦੀਆਂ ਕਤਾਰਾਂ ਵਿਚ ਕਪਾਹ ਬੀਜਣ ਵਾਲੀ ਡਰਿੱਲ ਨਾਲ ਕਰੋ। ਵਿਰਲਾ ਕਰਦੇ ਸਮੇਂ ਬੀ ਟੀ ਰਹਿਤ ਨਰਮੇ ਦੀਆਂ ਕਿਸਮਾਂ ਵਿਚ ਬੂਟੇ ਤੋਂ ਬੂਟੇ ਦਾ ਫਾਸਲਾ 60 ਸੈਂਟੀਮੀਟਰ, ਬੀ ਟੀ ਨਰਮੇ ਦੀ ਕਿਸਮਾਂ ਪੀ ਏ ਯੂ ਬੀ ਟੀ 3 ਲਈ 30 ਸੈਂਟੀਮੀਟਰ ਰੱਖੋ। ਬੀ ਟੀ ਨਰਮੇ ਦੀਆਂ ਦੋਗਲੀਆਂ ਕਿਸਮਾਂ ਲਈ ਬੂਟੇ ਤੋਂ ਬੂਟੇ ਦਾ ਫਾਸਲਾ 75 ਸੈਂਟੀਮੀਟਰ ਰੱਖੋ। ਫਸਲ ਨੂੰ ਪਹਿਲੀ ਸਿੰਚਾਈ ਜਾਂ ਭਰਵੇਂ ਮੀਂਹ ਤੋਂ ਬਾਅਦ ਵਿਰਲਾ ਕਰੋ। ਇਸ ਨਾਲ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਸਪਰੇਅ ਲੋੜੀਂਦੀ ਜਗ੍ਹਾ ਤੇ ਪਹੁੰਚਦੀ ਹੈ।

**ਇੰਦਰਪ੍ਰੀਤ ਕੌਰ ਬੋਪਾਰਾਏ ਅਤੇ ਵਿਜੈ ਕੁਮਾਰ,**
**ਡਾਇਰੈਕਟੋਰੇਟ ਪਸਾਰ ਸਿੱਖਿਆ,**
ਮੋਬਾਇਲ : 9779451214



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 21**
**ਮਿਤੀ 25-05-2024**



**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ

**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।



Editor, Printer & Publisher JAGPREET SINGH
Printed at Vargenia Printers, Sher-e-Punjab
Market, Gaushala Road, PATIALA &
Published at Patiala for Prop. JAGPREET SINGH


# ਪੰਜਾਬ 'ਚ ਬਸੰਤ ਰੁੱਤ ਦੀ ਮੱਕੀ ਪ੍ਰਤੀ ਕਿਸਾਨਾਂ ਦਾ ਰੁਝਾਨ ਵਧਿਆ

ਬਸੰਤ ਰੁੱਤ ਦੀ ਮੱਕੀ ਬੀਜਣ ਪ੍ਰਤੀ ਸੂਬੇ ਦੇ ਕਿਸਾਨਾਂ 'ਚ ਲਗਾਤਾਰ ਰੁਝਾਨ ਵਧ ਰਿਹਾ ਹੈ । ਹਾਲਾਂਕਿ ਖੇਤੀਬਾੜੀ ਵਿਭਾਗ ਇਸ ਦੀ ਬਿਜਾਈ ਲਈ ਸਿਫਾਰਸ਼ ਨਹੀਂ ਕਰਦਾ । ਇਸ ਦਾ ਮੁੱਖ ਕਾਰਨ ਹੈ ਕਿ ਬਸੰਤ ਰੁੱਤ ਦੀ ਮੱਕੀ ਨੂੰ ਪਾਣੀ ਦੀ ਬਹੁਤ ਲੋੜ ਪੈਂਦੀ ਹੈ ਅਤੇ ਖਰੀਫ ਰੁੱਤ ਦੀ ਮੱਕੀ ਦੇ ਮੁਕਾਬਲੇ ਇਹ ਕਈ ਗੁਣਾ ਵੱਧ ਪਾਣੀ ਲੈਂਦੀ ਹੈ । ਇਸ ਦੇ ਬਾਵਜੂਦ ਕਿਸਾਨਾਂ ਨੇ ਇਸ ਵਾਰ ਪਿਛਲੇ ਸਾਲ ਦੇ ਮੁਕਾਬਲੇ ਵੱਡੇ ਪੱਧਰ ਤੇ ਬਸੰਤ ਰੁੱਤ ਦੀ ਮੱਕੀ ਬੀਜੀ ਹੈ । ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਅੰਕੜਿਆਂ ਮੁਤਾਬਕ ਪਿਛਲੇ ਸਾਲ ਪੰਜਾਬ 'ਚ 61.21 ਲੱਖ ਹੈਕਟੇਅਰ ਰਕਬੇ 'ਚ ਬਸੰਤ ਰੁੱਤ ਦੀ ਮੱਕੀ ਬੀਜੀ ਗਈ ਸੀ ਜਦੋਕਿ ਇਸ ਸਾਲ 90.35 ਲੱਖ ਹੈਕਟੇਅਰ ਰਕਬੇ 'ਚ ਇਸ ਦੀ ਬਿਜਾਈ ਹੋਈ ਹੈ । ਇਸ ਤਰ੍ਹਾਂ ਪਿਛਲੇ ਸਾਲ ਦੇ ਮੁਕਾਬਲੇ 28.14 ਲੱਖ ਹੈਕਟੇਅਰ ਵੱਧ ਰਕਬੇ 'ਚ ਇਸ ਦੀ ਬਿਜਾਈ ਹੋਈ ਹੈ ।



ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਬਸੰਤ ਰੁੱਤ ਦੀ ਮੱਕੀ ਨੂੰ ਹਰ ਹਫਤੇ ਪਾਣੀ ਦੀ ਲੋੜ ਪੈਂਦੀ ਹੈ ਕਿਉਕਿ ਇਸ ਦੀ ਬਿਜਾਈ ਫਰਵਰੀ-ਮਾਰਚ 'ਚ ਕੀਤੀ ਜਾਂਦੀ ਹੈ ਤੇ ਕਟਾਈ ਜੂਨ ਮਹੀਨੇ ਹੁੰਦੀ ਹੈ । ਮਈ ਮਹੀਨੇ 'ਚ ਮੱਕੀ ਨਿੱਸਰ ਜਾਂਦੀ ਹੈ ਤੇ ਇਸ ਦੀਆਂ ਛੱਲੀਆਂ ਪੈਣ ਲੱਗਦੀਆਂ ਹਨ । ਇਸ ਦੇ ਨਾਲ ਹੀ ਗਰਮੀ ਵੀ ਜੋਬਨ 'ਤੇ ਪੁੱਜ ਜਾਂਦੀ ਹੈ ਅਤੇ ਇਸ ਨੂੰ ਪਾਣੀ ਦੀ ਵਧੇਰੇ ਲੋੜ ਪੈਂਦੀ ਹੈ ।

ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਡਾ. ਜਸਵੰਤ ਰਾਏ ਦਾ ਕਹਿਣਾ ਹੈ ਕਿ ਜਲੰਧਰ ਜ਼ਿਲ੍ਹੇ 'ਚ ਬਸੰਤ ਰੁੱਤ ਦੀ ਮੱਕੀ ਤੋਂ ਵੱਧ ਬੀਜੀ ਗਈ ਇਸ ਦਾ ਮੁੱਖ ਕਾਰਨ ਇਹ ਹੈ ਕਿ ਇੱਥੇ ਆਲੂ ਦੀ ਫਸਲ ਵਧੇਰੇ ਬੀਜੀ ਜਾਂਦੀ ਹੈ ਅਤੇ ਕਿਸਾਨਾਂ ਨੇ ਆਲੂ ਦੀ ਪੁਟਾਈ ਉਪਰੰਤ ਬਸੰਤ ਰੁੱਤ ਦੀ ਮੱਕੀ ਬੀਜੀ ਹੈ ।

ਜੰਡਿਆਲਾ ਖੇਤਰ ਦੇ ਪਿੰਡ ਚੌਲਾਂਗ ਵਾਸੀ ਕਿਸਾਨ ਗੁਰਮੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੀ 35 ਏਕੜ ਦੇ ਕਰੀਬ ਇਹ ਮੱਕੀ ਬੀਜੀ ਹੈ । ਇਹ ਦੇ ਵਧੇਰੇ ਰੁਝਾਨ ਬਾਰੇ ਕਿਸਾਨ ਗੁਰਮੀਤ ਸਿੰਘ ਨੇ ਕਿਹਾ ਕਿ ਪਿਛਲੇ ਸਾਲ ਕਿਸਾਨਾਂ ਨੂੰ ਗਿੱਲੀ ਮੱਕੀ ਜੋ ਕਿ ਸਾਈਲੇਜ (ਪਸ਼ੂਆਂ ਦੇ ਚਾਰੇ) ਲਈ ਵਰਤੀ ਜਾਂਦੀ ਹੈ, ਦਾ ਪ੍ਰਤੀ ਕੁਇੰਟਲ ਭਾਅ 1100 ਤੋਂ ਲੈ ਕੇ 1300 ਰੁਪਏ ਤੱਕ ਮਿਲਿਆ ਸੀ । ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਵੀ ਖੇਤੀ ਲੇਬਰ ਦੀ ਘਾਟ ਨਾਲ ਜੂਝਣਾ ਪੈ ਰਿਹਾ ਹੈ ਅਤੇ ਮੱਕੀ ਦੀ ਸਾਂਭ-ਸੰਭਾਲ ਲਈ ਵਧੇਰੇ ਲੇਬਰ ਦੀ ਲੋੜ ਨਹੀਂ ਪੈਂਦੀ ਹੈ ਜਦੋਕਿ ਇਸ ਦੇ ਉਲਟ ਖਰਬੂਜ਼ੇ ਦੇ ਹਦਵਾਣੇ ਦੀ ਗੋਡੀ ਲਈ ਲੇਬਰ ਦੀ ਕਾਫੀ ਲੋੜ ਪੈਂਦੀ ਹੈ । ਇਹੀ ਕਾਰਨ ਹੈ ਕਿ ਕਿਸਾਨਾਂ ਨੂੰ ਇਸ ਵਾਰ ਆਲੂ ਦੀ ਪੈਦਾਵਾਰ ਕਰਨ ਵਾਲੇ ਕਿਸਾਨਾਂ ਨੇ ਬਸੰਤ ਰੁੱਤ ਦੀ ਮੱਕੀ ਨੂੰ ਪਹਿਲ ਦਿੱਤੀ ਹੈ । ਗੁਰਮੀਤ ਸਿੰਘ ਨੇ ਕਿਹਾ ਕਿ ਇਸ ਦੀ ਐੱਮ ਐੱਸ ਪੀ ਨਾ ਮਿਲਣ ਕਾਰਨ ਕਿਸਾਨਾਂ 'ਚ ਪੱਕੀ ਹੋਈ ਫਸਲ ਵੇਚਣ ਲਈ ਤੌਖਲਾ ਰਹਿੰਦਾ ਹੈ ਪਰ ਹੋਰ ਕੋਈ ਬਦਲ ਨਾ ਹੋਣ ਕਰ ਕੇ ਕਿਸਾਨਾਂ ਨੇ ਇਸ ਵਾਰ ਵਧੇਰੇ ਮੱਕੀ ਦੀ ਕਾਸ਼ਤ ਕੀਤੀ ਹੈ ।

**ਬਸੰਤ ਰੁੱਤ ਦੀ ਮੱਕੀ ਦਾ ਪਿਛਲੇ ਦੋ ਸਾਲ ਦਾ ਜ਼ਿਲ੍ਹੇਵਾਰ ਰਕਬਾ ਹੈਕਟੇਅਰ 'ਚ**

| ਜ਼ਿਲ੍ਹਾ | 2022-23 | 2023-24 |
|---|---|---|
| ਅੰਮ੍ਰਿਤਸਰ | 3.0 | 3.0 |
| ਬਰਨਾਲਾ | 1.0 | 1.5 |
| ਬਠਿੰਡਾ | 0.0 | 0.0 |
| ਫਰੀਦਕੋਟ | 4.0 | 0.0 |
| ਫਤਹਿਗੜ੍ਹ ਸਾਹਿਬ | 3.5 | 3.8 |
| ਫਾਜ਼ਿਲਕਾ | 0.0 | 0.0 |
| ਫਿਰੋਜ਼ਪੁਰ | 0.6 | 0.1 |
| ਗੁਰਦਾਸਪੁਰ | 0.3 | 0.1 |
| ਹੁਸ਼ਿਆਰਪੁਰ | 9.1 | 11.0 |
| ਜਲੰਧਰ | 6.5 | 21.9 |
| ਕਪੂਰਥਲਾ | 11.5 | 12.6 |
| ਲੁਧਿਆਣਾ | 11.1 | 16.0 |
| ਮਾਨਸਾ | 0.0 | 0.0 |
| ਮੋਗਾ | 4.5 | 4.8 |
| ਮੋਹਾਲੀ | 0.4 | 0.4 |
| ਮੁਕਤਸਰ | 0.4 | 0.4 |
| ਪਠਾਨਕੋਟ | 0.0 | 0.0 |
| ਪਟਿਆਲਾ | 1.2 | 1.4 |
| ਰੋਪੜ | 0.7 | 1.3 |
| ਸੰਗਰੂਰ | 1.9 | 3.9 |
| ਐਸ.ਬੀ.ਐਸ ਨਗਰ | 1.5 | 2.1 |
| ਤਰਨਤਾਰਨ | 1.0 | 6.5 |
| ਕੁੱਲ | 62.21 | 90.35 |

### ਕੀ ਕਹਿੰਦੇ ਹਨ ਵਿਭਾਗ ਦੇ ਡਾਇਰੈਕਟਰ

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ ਦਾ ਕਹਿਣਾ ਹੈ ਕਿ ਬਸੰਤ ਰੁੱਤ ਦੀ ਮੱਕੀ ਦਾ ਝਾੜ ਖਰੀਫ ਰੁੱਤ ਦੀ ਮੱਕੀ ਦਾ ਝਾੜ ਖਰੀਫ ਰੁੱਤ ਦੀ ਮੱਕੀ ਨਾਲੋਂ ਜ਼ਿਆਦਾ ਨਿਕਲਦਾ ਹੈ । ਇਹ ਮੱਕੀ ਪਸ਼ੂਆਂ ਦੇ ਚਾਰੇ (ਸਾਈਲੇਜ਼) ਲਈ ਵੱਡੇ ਪੱਧਰ 'ਤੇ ਵਰਤੀ ਜਾਂਦੀ ਹੈ । ਡਾਇਰੈਕਟਰ ਡਾ. ਜਸਵੰਤ ਸਿੰਘ ਨੇ ਕਿਹਾ ਕਿ ਹਾਲਾਂਕਿ ਵਿਭਾਗ ਬਸੰਤ ਰੁੱਤ ਦੀ ਮੱਕੀ ਦੀ ਬਿਜਾਈ ਲਈ ਸਿਫਾਰਸ਼ ਨਹੀਂ ਕਰਦਾ ਕਿਉਕਿ ਇਹ ਪਾਣੀ ਬਹੁਤ ਲੈਂਦੀ ਹੈ । ਵਿਭਾਗ ਖਰੀਫ ਰੁੱਤ ਦੀ ਮੱਕੀ ਬੀਜਣ ਵਾਲੇ ਕਿਸਾਨਾਂ ਨੂੰ ਵਿਸ਼ੇਸ਼ ਰਾਹਤ ਦੇਵੇ ਤਾਂ ਜੋ ਹੋਰ ਕਿਸਾਨ ਵੀ ਇਸ ਮੱਕੀ ਦੀ ਕਾਸ਼ਤ ਵੱਲ ਉਤਸ਼ਾਹਤ ਹੋ ਸਕਣ ।

# ਜ਼ਮੀਨ ਨੂੰ ਬੇਲੋੜੇ ਪਾਣੀ ਲਗਾਉਣ ਦੀ ਥਾਂ ਵਾਹ ਕੇ ਧੁੱਪ ਲਵਾਓ


**ਵਿਵੇਕ ਕੁਮਾਰ, ਗੁਰਮੇਲ ਸਿੰਘ ਸੰਧੂ ਅਤੇ ਕਰਮਜੀਤ ਸ਼ਰਮਾ,**
**ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ**
ਮੋ. 98556-03629


ਗਰਮ ਮਹੀਨਿਆਂ ਦੌਰਾਨ ਖੇਤਾਂ ਨੂੰ ਬੇਲੋੜੇ ਪਾਣੀ ਲਗਾ ਕੇ ਠੰਡਾ ਕਰਨ ਦੀ ਥਾਂ ਤੇ ਜ਼ਮੀਨ ਨੂੰ ਵਾਹ ਕੇ ਸੂਰਜੀ ਧੁੱਪ ਲਵਾਓ ਅਤੇ ਖੇਤ ਵਿੱਚੋ ਤੂੜੀ ਚੱਕਣ ਤੋਂ ਬਾਅਦ ਤਵੀਆਂ ਅਤੇ ਹਲ ਮਾਰ ਕੇ ਖੇਤ ਨੂੰ ਖੁੱਲ੍ਹਾ ਛੱਡ ਦਿਓ ।

**ਜ਼ਮੀਨ ਨੂੰ ਧੁੱਪ ਲਵਾਉਣ ਦੇ ਫਾਇਦੇ :**

**ਬਿਮਾਰੀ ਪ੍ਰਬੰਧਨ** : ਗਰਮੀਆਂ ਵਿਚ ਖੇਤਾਂ ਨੂੰ ਵਾਹ ਕੇ ਧੁੱਪ ਲਗਾਈ ਜਾਵੇ ਤਾਂ ਬਿਮਾਰੀਆਂ ਦੇ ਇਹਨਾਂ ਬਹੁਤ ਸਾਰੇ ਕਣਾਂ ਦਾ ਨਾਸ਼ ਹੋ ਜਾਂਦਾ ਹੈ, ਜਿਸ ਨਾਲ ਫਸਲ ਨੂੰ ਬਹੁਤ ਘੱਟ ਬਿਮਾਰੀਆਂ ਲੱਗਦੀਆਂ ਹਨ । ਪਰ ਲਗਾਤਾਰ ਪਾਣੀ ਲੱਗਦਾ ਰਹਿਣ ਨਾਲ ਕੁਝ ਬਿਮਾਰੀ ਦੇ ਕਣਾਂ ਨੂੰ ਵਾਧੇ ਵਿਕਾਸ ਲਈ ਢੁੱਕਵਾਂ ਮਾਹੌਲ ਮਿਲ ਜਾਂਦਾ ਹੈ ।

**ਕੀਟ ਪ੍ਰਬੰਧਨ** : ਜ਼ਮੀਨ ਨੂੰ ਵਾਹ ਕੇ ਕੜਕਦੀ ਧੁੱਪ ਲਗਵਾਉਣ ਨਾਲ ਜ਼ਮੀਨ ਵਿਚ ਮੌਜੂਦ ਕੀੜੇ ਮਕੌੜਿਆਂ ਦੇ ਪਿਊਪੇ, ਘੱਟ ਜਾਂਦਾ ਹੈ । ਲਗਾਤਾਰ ਪਾਣੀ ਲਗਾਉਣ ਨਾਲ ਵੱਟਾਂ ਉੱਪਰ ਉੱਗੇ ਨਦੀਨਾਂ ਵਿਚ ਕੁਝ ਕੀਟ ਪਲਦੇ



ਸੁੰਡੀਆਂ ਆਦਿ ਨਸ਼ਟ ਹੋ ਜਾਂਦੇ ਹਨ । ਇਸ ਤਰ੍ਹਾਂ ਆਉਣ ਵਾਲੀ ਫਸਲ ਤੇ ਕੀੜਿਆਂ ਦਾ ਹਮਲਾ ਹਨ ਜਿਸ ਕਾਰਨ ਕੁਝ ਕੀੜਿਆਂ ਦਾ ਜੀਵਨ ਚੱਕਰ ਲਗਾਤਾਰ ਚਲਦਾ ਰਹਿੰਦਾ ਹੈ ।

**ਨਦੀਨ ਪ੍ਰਬੰਧਨ** : ਨਦੀਨਾਂ ਇਹਨਾਂ ਮਹੀਨਿਆਂ ਵਿਚ ਹਵਾ ਦਾ ਤਾਪਮਾਨ ਬਹੁਤ ਜ਼ਿਆਦਾ ਹੋਣ ਕਰਕੇ ਜ਼ਮੀਨ ਨੂੰ ਵਾਹ ਕੇ ਧੁੱਪ ਲਵਾਈ ਜਾਵੇ ਤਾਂ ਬਹੁਤ ਸਾਰੇ ਨਦੀਨ ਜਿਵੇਂ ਕਿ ਖੱਬਲ ਘਾਹ, ਮੋਥਾ ਅਤੇ ਹੋਰ ਨਦੀਨ ਬਿਲਕੁਲ ਸੁੱਕ ਜਾਂਦੇ ਹਨ । ਜਦ ਕਿ ਲਗਾਤਾਰ ਪਾਣੀ ਲਗਦੇ ਰਹਿਣ ਨਾਲ ਇਹ ਨਦੀਨ ਖੇਤ ਵਿਚ ਬਹੁਤ ਜ਼ਿਆਦਾ ਵਧ ਜਾਂਦੇ ਹਨ ਜਿਹਨਾਂ ਦੀ ਰੋਕਥਾਮ ਕਰਨੀ ਬਾਅਦ ਵਿਚ ਮੁਸ਼ਕਿਲ ਹੋ ਜਾਂਦੀ ਹੈ ।

**ਪਾਣੀ ਦੀ ਬੱਚਤ** : ਜ਼ਮੀਨੀ ਪਾਣੀ ਦੇ ਡਿੱਗਦੇ ਹੋਏ ਪੱਧਰ ਬਚਾਉਣ ਲਈ ਜੇਕਰ ਗਰਮੀਆਂ ਦੇ ਦੌਰਾਨ ਬੇਲੋੜਾ ਪਾਣੀ ਲਗਾਉਣ ਦੀ ਥਾਂ ਖੇਤ ਵਾਹ ਕੇ ਖੁੱਲ੍ਹਾ ਛੱਡਿਆ ਜਾਵੇ ਤਾਂ ਬਾਕੀ ਫਾਇਦਿਆਂ ਦੇ ਨਾਲ ਨਾਲ ਪਾਣੀ ਦੀ ਬੱਚਤ ਵੀ ਕੀਤੀ ਜਾ ਸਕਦੀ ਹੈ ।



# ਵਧਦਾ ਤਾਪਮਾਨ ਦੇਸ਼ ਦੀ ਅਰਥਵਿਵਸਥਾ ਲਈ ਘਾਤਕ

ਰਿਸ਼ਭ ਮਿਸ਼ਰਾ

ਸਾਲ 2023 ਭਾਰਤ ਲਈ ਹੁਣ ਤੱਕ ਦਾ ਦੂਜਾ ਸਭ ਤੋਂ ਗਰਮ ਸਾਲ 2016 ਰਿਹਾ ਹੈ। ਜੇ ਵਿਸ਼ਵ ਪੱਧਰ 'ਤੇ ਗੱਲ ਕਰੀਏ ਤਾਂ ਪਿਛਲੇ 12 ਮਹੀਨਿਆਂ, ਅਪ੍ਰੈਲ 2023 ਤੋਂ ਮਾਰਚ 2024, 'ਚ ਵਿਸ਼ਵ ਦਾ ਔਸਤ ਤਾਪਮਾਨ 1991 ਤੋਂ 2020 ਦੇ ਔਸਤ ਨਾਲੋਂ 7 ਡਿਗਰੀ ਸੈਲਸੀਅਸ ਵੱਧ ਰਿਕਾਰਡ ਕੀਤਾ ਗਿਆ। ਸਾਲ 2024 'ਚ ਵਿਸ਼ਵ ਸਤ੍ਹਾ ਦਾ ਤਾਪਮਾਨ 20ਵੀਂ ਸਦੀ ਦੇ ਔਸਤ ਤਾਪਮਾਨ ਤੋਂ 1.35 ਡਿਗਰੀ ਸੈਲਸੀਅਸ ਵੱਧ ਹੈ।

ਇਕ ਖੋਜ ਅਨੁਸਾਰ ਇਸ ਗੱਲ ਦਾ 55 ਫ਼ੀਸਦੀ ਸ਼ੱਕ ਹੈ 2025 ਇਤਿਹਾਸ 'ਚ ਸਭ ਤੋਂ ਵੱਧ ਗਰਮ ਸਾਲ ਵਜੋਂ ਰਿਕਾਰਡ ਹੋ ਸਕਦਾ ਹੈ। ਵਿਸ਼ਵ ਤਾਪਮਾਨ, ਗਲੋਬਲ ਵਾਰਮਿੰਗ ਅਤੇ ਪੌਣ-ਪਾਣੀ ਤਬਦੀਲੀ ਦਾ ਕਿਸੇ ਵੀ ਦੇਸ਼ ਦੀ ਅਰਥਵਿਵਸਥਾ 'ਤੇ ਮੂਲ ਤੌਰ 'ਤੇ ਦੋ ਤਰੀਕਿਆਂ ਨਾਲ ਪ੍ਰਭਾਵ, ਜਿਸ 'ਚ ਅੱਤ ਦੀਆਂ ਮੌਸਮੀ ਘਟਨਾਵਾਂ ਜਿਵੇਂ ਬਹੁਤ ਜ਼ਿਆਦਾ ਗਰਮੀ, ਬੇਹੱਦ ਠੰਢ ਜੇ ਬੇਕਾਬੂ ਮੀਂਹ ਕਾਰਨ ਹੋਣ ਵਾਲੇ ਪ੍ਰਤੱਖ ਪ੍ਰਭਾਵ ਸ਼ਾਮਲ ਹਨ। ਸੰਯੁਕਤ ਰਾਸ਼ਟਰ ਦੇ ਵਿਸ਼ਵ ਮੌਸਮ ਵਿਗਿਆਨ ਸੰਗਠਨ ਅਨੁਸਾਰ ਅੱਤ ਦੀਆਂ ਮੌਸਮੀ ਘਟਨਾਵਾਂ ਕਾਰਨ ਸਿਰਫ 2022 'ਚ ਹੀ ਭਾਰਤ ਨੂੰ ਲਗਭਗ 4.2 ਅਰਬ ਡਾਲਰ ਦਾ ਨੁਕਸਾਨ ਹੋਇਆ ਸੀ।


ਦੂਜੇ ਪ੍ਰਭਾਵ ਹੌਲੀ-ਹੌਲੀ ਪਰ ਲੰਬੇ ਸਮੇਂ ਦੇ ਹੁੰਦੇ ਹਨ। ਮਿਸਾਲ ਵਜੋਂ ਭਾਰਤੀ ਉਪ-ਮਹਾਂਦੀਪ ਦੇ ਸਭ ਤੋਂ ਅਹਿਮ ਪਹਿਲੂਆਂ 'ਚੋਂ ਇਕ ਦੱਖਣ-ਪੱਛਮੀ ਮਾਨਸੂਨ ਹੈ। ਭਾਰਤ ਦੇ ਸਾਲਾਨਾ ਮੀਂਹ ਦਾ 75 ਫੀਸਦੀ ਹਿੱਸਾ ਇਸੇ ਤੋਂ ਮਿਲਦਾ ਹੈ। ਗਲੋਬਲ ਵਾਰਮਿੰਗ ਅਤੇ ਪੌਣ-ਪਾਣੀ ਤਬਦੀਲੀ ਕਾਰਨ ਇਸ 'ਚ ਬੇਯਕੀਨੀ ਵਧੀ ਹੈ। ਇਸ 'ਚ ਬੇਯਕੀਨੀ ਦੀ ਮਤਲਬ ਖੇਤੀ ਪੈਦਾਵਾਰ, ਊਰਜਾ ਸਪਲਾਈ ਅਤੇ ਸਿੱਟੇ ਵਜੋਂ ਰੋਜ਼ਗਾਰ 'ਤੇ ਲੰਬੇ ਸਮੇਂ ਦੇ ਬੁਰੇ ਅਸਰ ਹਨ। ਇਸ ਤੇ ਮੁੱਖ ਤੌਰ 'ਤੇ ਤਿੰਨ ਅਸਰ ਹੋ ਸਕਦੇ ਹਨ।

**ਡੂੰਘਾ ਹੋ ਸਕਦਾ ਹੈ ਖੁਰਾਕੀ ਵਸਤਾਂ ਦੀ ਸਪਲਾਈ ਦਾ ਸੰਕਟ, ਵਧੇਗੀ ਮਹਿੰਗਾਈ** : ਵਧਦੇ ਤਾਪਮਾਨ ਅਤੇ ਬੇਮੌਸਮੀ ਮੀਂਹ ਨਾਲ ਫਸਲਾਂ ਨੂੰ ਬਹੁਤ ਨੁਕਸਾਨ ਪੁੱਜਦਾ ਹੈ। ਇਸ ਨਾਲ ਪੈਦਾਵਾਰ ਘੱਟ ਹੋ ਜਾਂਦੀ ਹੈ ਅਤੇ ਬਾਜ਼ਾਰ 'ਚ ਮੰਗ ਵਧਦੀ ਹੈ ਜਿਸ ਦਾ ਸਿੱਧਾ ਸੰਬੰਧ ਮਹਿੰਗਾਈ ਨਾਲ ਹੈ। ਇਸ ਤੋਂ ਇਲਾਵਾ ਅਜਿਹੇ ਨੁਕਸਾਨ ਨਾਲ ਨਜਿੱਠਣ ਲਈ ਰਾਹਤ ਅਤੇ ਬੁਨਿਆਦੀ ਢਾਂਚੇ 'ਤੇ ਜੋ ਖਰਚ ਹੁੰਦਾ ਹੈ ਉਸ ਦਾ ਨਤੀਜਾ ਸਾਰੇ ਲੋਕਾਂ ਲਈ ਟੈਕਸਾਂ 'ਚ ਵਾਧੇ ਦੇ ਰੂਪ 'ਚ ਨਿਕਲਦਾ ਹੈ। ਫਿਰ ਫਸਲਾਂ ਦੀ ਘੱਟ ਪੈਦਾਵਾਰ ਸਾਰੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਵੀ ਪ੍ਰਭਾਵਿਤ ਕਰਦੀ ਹੈ ਕਿਉਂਕਿ ਸਰਕਾਰ ਉਨ੍ਹਾਂ ਫਸਲਾਂ ਦੀ ਬਰਾਮਦ 'ਤੇ ਪਾਬੰਦੀ ਲਾ ਦਿੰਦੀ ਹੈ ਜਿਨ੍ਹਾਂ ਦੀ ਪੈਦਾਵਾਰ ਘੱਟ ਹੁੰਦੀ ਹੈ। ਸਾਲ 2022 'ਚ ਵਧਦੇ ਤਾਪਮਾਨ ਕਾਰਨ ਕਣਕ ਦੀ ਪੈਦਾਵਾਰ ਘੱਟ ਹੋਈ ਸੀ ਅਤੇ ਇਸ ਕਾਰਨ ਭਾਰਤ ਨੇ ਕਣਕ ਦੀ ਬਰਾਮਦ 'ਤੇ ਪਾਬੰਦੀ ਲਾ ਦਿੱਤੀ ਸੀ। ਜਨਵਰੀ 2024 ਤੱਕ ਭਾਰਤ 'ਚ ਖੰਡ ਦੀ ਪੈਦਾਵਾਰ 5.28 ਫੀਸਦੀ ਘੱਟ ਦੇਖੀ ਗਈ ਹੈ ਜਿਸ ਦਾ ਮੁੱਖ ਕਾਰਨ ਮਹਾਰਾਸ਼ਟਰ ਅਤੇ ਕਰਨਾਟਕ 'ਚ ਗੰਨੇ ਦੀ ਪੈਦਾਵਾਰ ਦਾ ਘੱਟ ਹੋਣਾ ਮੰਨਿਆ ਗਿਆ ਹੈ। ਭਾਰਤ ਪਿਛਲੇ ਛੇ ਸਾਲਾਂ ਤੋਂ ਖੰਡ ਬਰਾਮਦ ਕਰਦਾ ਰਿਹਾ ਹੈ ਪਰ ਹੁਣ ਵਿਸ਼ਲੇਸ਼ਕ ਅੰਦਾਜ਼ੇ ਲਾ ਰਹੇ ਹਨ ਕਿ ਸ਼ਾਇਦ ਅਗਲੇ ਸਾਲ ਤੱਕ ਭਾਰਤ ਨੂੰ ਖੰਡ ਦੀ ਦਰਾਮਦ ਵੀ ਕਰਨੀ ਪੈ ਸਕਦੀ ਹੈ।

**ਘਟਣਗੇ ਕੰਮ ਦੇ ਘੰਟੇ, ਜਾ ਸਕਦੀਆਂ ਹਨ ਨੌਕਰੀਆਂ** : ਵਧਦੀ ਗਰਮੀ ਅਤੇ ਵੱਖ-ਵੱਖ ਅੱਤ ਦੀਆਂ ਮੌਸਮੀ ਘਟਨਾਵਾਂ ਦਾ ਸਿੱਧਾ ਅਸਰ ਕਿਰਤ ਪ੍ਰਧਾਨ ਖੇਤਰਾਂ 'ਤੇ ਬਹੁਤ ਜ਼ਿਆਦਾ ਪਵੇਗਾ। ਇਸ ਨਾਲ ਖੇਤੀਬਾੜੀ, ਨਿਰਮਾਣ ਸਰਗਰਮੀਆਂ, ਟਰਾਂਸਪੋਰਟ ਅਤੇ ਸੈਰ-ਸਪਾਟਾ ਕਾਰੋਬਾਰ ਕਾਫੀ ਪ੍ਰਭਾਵਿਤ ਹੋ ਸਕਦੇ ਹਨ। ਦਿਹਾੜੀ-ਮਜ਼ਦੂਰ ਕਰਨ ਵਾਲੇ ਲੋਕਾਂ ਦੀ ਸਿਹਤ 'ਤੇ ਵੀ ਇਸ ਦਾ ਗੰਭੀਰ ਅਸਰ ਹੋ ਸਕਦਾ ਹੈ।

ਅੰਤਰਰਾਸ਼ਟਰੀ ਕਿਰਤ ਸੰਗਠਨ (ਆਈ. ਐੱਲ. ਓ) ਦਾ ਅੰਦਾਜ਼ਾ ਹੈ ਕਿ ਗਲੋਬਲ ਵਾਰਮਿੰਗ ਦੇ ਪ੍ਰਭਾਵ ਦਾ ਸਭ ਤੋਂ ਵੱਧ ਸਾਹਮਣਾ ਖੇਤੀਬਾੜੀ ਅਤੇ ਉਸਾਰੀ ਮਜ਼ਦੂਰਾਂ ਕਰਨਾ ਪਵੇਗਾ। ਭਾਰਤ 'ਚ ਵਧਦੀ ਗਰਮੀ ਦੇ ਨਤੀਜੇ ਵਜੋਂ 2030 ਤੱਕ ਕੰਮ ਦੇ ਘੰਟਿਆਂ 'ਚ 5.8 ਫੀਸਦੀ ਤੱਕ ਦੀ ਗਿਰਾਵਟ ਆਉਣ ਦਾ ਅੰਦਾਜ਼ਾ ਹੈ ਜੋ ਤਕਰੀਬਨ 3.4 ਕਰੋੜ ਪੂਰੇ ਸਮੇਂ ਦੀਆਂ ਨੌਕਰੀਆਂ ਦੇ ਬਰਾਬਰ ਹੋਵੇਗਾ। ਇਸ ਨਾਲ ਜੀ.ਡੀ.ਪੀ. 'ਚ ਅੰਦਾਜ਼ਨ 2.50 ਫੀਸਦੀ ਤੱਕ ਦੀ ਕਮੀ ਹੋ ਸਕਦੀ ਹੈ।

**ਵਧੇਗੀ ਉਦਯੋਗਿਕ ਲਾਗਤ, ਸਮੁੱਚੇ ਵਿਕਾਸ 'ਤੇ ਪਵੇਗਾ ਅਸਰ** : ਵਧਦਾ ਤਾਪਮਾਨ ਕੱਚੇ ਮਾਲ ਭਾਵ ਖੇਤੀ ਪੈਦਾਵਾਰ ਅਤੇ ਕਿਰਤ 'ਤੇ ਪ੍ਰਭਾਵ ਪਾਉਣ ਦੇ ਨਾਲ ਉਦਯੋਗਿਕ ਵਿਕਾਸ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਇਸ 'ਚ ਮਹੱਤਵਪੂਰਨ ਉਦਯੋਗਿਕ ਬੁਨਿਆਦਾ ਢਾਂਚੇ ਨੂੰ ਪ੍ਰਤੱਖ ਨੁਕਸਾਨ ਮਨੁੱਖੀ ਸਰੋਤ ਦੀ ਉਪਲੱਬਧਤਾ ਅਤੇ ਉਤਪਾਦਕਤਾ 'ਤੇ ਨਕਾਰਾਤਮਕ ਪ੍ਰਭਾਵ ਅਤੇ ਕੱਚੇ ਮਾਲ ਦੇ ਭੰਡਾਰਨ ਨਾਲ ਸਬੰਧਤ ਟਰਾਂਸਪੋਰਟ ਲਾਗਤ 'ਚ ਵਾਧਾ ਸ਼ਾਮਲ ਹੈ। ਉਦਯੋਗਾਂ ਨੂੰ ਪੌਣ-ਪਾਣੀ ਪ੍ਰਭਾਵ ਨੂੰ ਘੱਟ ਕਰਨ ਲਈ ਤਕਨਾਲੋਜੀ 'ਚ ਵੱਧ ਨਿਵੇਸ਼ ਕਰਨਾ ਪੈ ਸਕਦਾ ਹੈ ਜਿਸ ਨਾਲ ਉਤਪਾਦਨ ਦੀ ਲਾਗਤ ਵੱਧ ਜਾਵੇਗੀ। ਇਸ ਤੋਂ ਇਲਾਵਾ ਸਮੁੰਦਰ ਦਾ ਵਧਦਾ ਪੱਧਰ, ਹੜ੍ਹ, ਚੱਕਰਵਾਤੀ ਤੂਫਾਨ, ਜ਼ਮੀਨ ਖਿਸਕਣਾ ਆਦਿ ਸੜਕ, ਰੇਲਵੇ ਅਤੇ ਸਮੁੰਦਰੀ ਮਾਰਗਾਂ ਵਰਗੇ ਆਵਾਜਾਈ ਸਾਧਨਾਂ ਨੂੰ ਸਿੱਧਾ ਪ੍ਰਭਾਵਿਤ ਕਰਨਗੇ। ਇਸ ਨਾਲ ਵੀ ਸਪਲਾਈ ਲੜੀ 'ਚ ਅੜਿੱਕਾ ਪੈ ਸਕਦਾ ਹੈ। ਪਿਛਲੇ ਸਾਲ 4 ਅਕਤੂਬਰ ਨੂੰ ਸਿੱਕਮ ਦੇ ਚੁੰਗਥਾਂਗ 'ਚ 1200 ਮੈਗਾਵਾਟ ਦੀ ਤੀਸਤਾ ਜਲ ਬਿਜਲੀ ਯੋਜਨਾ ਦਾ 60 ਮੀਟਰ ਉੱਚਾ ਕੰਕ੍ਰੀਟ ਬੰਨ੍ਹ ਹਿਮਾਨੀ ਝੀਲ ਦੇ ਫਟਣ ਨਾਲ ਆਏ ਹੜ੍ਹ 'ਚ ਢਹਿ ਗਿਆ ਸੀ। ਇਸ ਤਰ੍ਹਾਂ ਦੀਆਂ ਘਟਨਾਵਾਂ ਦੀ ਸ਼ੰਕਾ ਹੋਰ ਵੀ ਵਧੇਗੀ ਜਿਸ ਦਾ ਅਸਰ ਸਮੁੱਚੇ ਵਿਕਾਸ ਦੇ ਪਵੇਗਾ।



ਅਸਲ 'ਚ, ਕਿਸੇ ਵੀ ਗੰਭੀਰ ਸਮੱਸਿਆ ਦਾ ਹੱਲ ਸਿਆਸੀ ਇੱਛਾ ਸ਼ਕਤੀ ਤੋਂ ਬਿਨਾਂ ਸੰਭਵ ਨਹੀਂ ਹੈ। ਸਾਡੇ ਦੇਸ਼ ਦੀ ਸਿਆਸੀ ਚੇਤਨਾ 'ਚ ਪੌਣ-ਪਾਣੀ ਤਬਦੀਲੀ ਅਤੇ ਵਿਸ਼ਵ ਤਾਪਮਾਨ ਦਾ ਮੁੱਦਾ ਕਿੰਨੇ ਹਾਸ਼ੀਏ 'ਤੇ ਹੈ ਇਸ ਨੂੰ ਸਮਝਣ ਲਈ ਦੋਵਾਂ ਮਾਰੀ ਜਾ ਸਕਦੀ ਹੈ। ਸੱਤਾਧਾਰੀ ਭਾਜਪਾ ਨੇ ਵਾਤਾਵਰਣ ਨੂੰ ਆਪਣੇ ਚੋਣ ਮਨੋਰਥ ਪੱਧਰ 'ਤੇ ਸਫਾ ਨੰਬਰ 71 'ਤੇ ਥਾਂ ਦਿੱਤੀ ਹੈ। ਇਹ ਉਸ ਦੇ ਚੋਣ ਮਨੋਰਥ ਪੱਤਰ ਦਾ ਸਮਾਪਨ ਬਿੰਦੂ ਹੈ। ਉੱਥੇ ਹੀ ਕਾਂਗਰਸ ਨੇ ਇਸ ਨੂੰ ਆਪਣੇ ਚੋਣ ਮਨੋਰਥ ਪੱਤਰ 'ਚ ਸਫਾ 41 'ਤੇ ਥਾਂ ਦਿੱਤੀ ਹੈ ਜੋ ਉਸ ਦਾ ਆਖਰੀ ਅਧਿਆਏ ਹੈ।

ਧਿਆਨ ਦੇਣ ਵਾਲੀ ਗੱਲ ਹੈ ਕਿ 2048 ਤੱਕ ਦੁਨੀਆਂ ਦੇ ਔਸਤ ਤਾਪਮਾਨ 'ਚ ਡਿਗਰੀ ਦਾ ਵਾਧਾ ਹੋਣ ਦਾ ਅੰਦਾਜ਼ਾ ਹੈ। ਨਾਲ ਹੀ ਬਰਫ ਪਿਘਲਣ ਨਾਲ ਹੜ੍ਹ ਵਰਗੇ ਹਾਲਾਤ ਬਣ ਸਕਦੇ ਹਨ ਅਤੇ 2050 ਤੱਕ 20 ਫੀਸਦੀ ਦੇਸ਼ ਜਲ ਸੰਕਟ ਨਾਲ ਘਿਰ ਸਕਦੇ ਹਨ। ਇਸ ਦੇ ਨਾਲ ਹੀ 2030 ਤੱਕ ਵਧਦੇ ਤਾਪਮਾਨ ਕਾਰਨ 2,50,000 ਲੋਕਾਂ ਦੀਆਂ ਮੌਤਾਂ ਹੋ ਸਕਦੀਆਂ ਹਨ। ਅਸਲ 'ਚ ਗਰਮੀ ਵਧਣ ਨਾਲ ਊਰਜਾ ਦੀ ਮੰਗ ਵਧੇਗੀ ਜਿਸ ਨਾਲ ਹਵਾ ਪ੍ਰਦੂਸ਼ਣ ਫੈਲੇਗਾ। ਇਕ ਹੋਰ ਅੰਦਾਜ਼ਾ ਹੈ ਕਿ ਗਲੋਬਲ ਵਾਰਮਿੰਗ ਨਾਲ 20 ਅਰਬ ਡਾਲਰ ਦਾ ਆਰਥਿਕ ਨੁਕਸਾਨ ਹੋ ਸਕਦਾ ਹੈ। ਖੇਤੀ ਪੈਦਾਵਾਰ 'ਚ ਗਿਰਾਵਟ ਆਉਣ ਨਾਲ ਭੁੱਖਮਰੀ ਵਧੇਗੀ ਅਤੇ ਕਾਲ ਵਰਗੇ ਅਤੇ ਕਾਲ ਵਰਗੇ ਹਾਲਤ ਬਣ ਸਕਦੇ ਹਨ।

# ਝੋਨੇ/ਬਾਸਮਤੀ ਦੀ ਪਨੀਰੀ ਨੂੰ ਜੜ੍ਹ-ਗੰਢ ਰੋਗ ਤੋਂ ਸਮੇਂ ਸਿਰ ਬਚਾਓ

ਅਮਰਜੀਤ ਸਿੰਘ ਅਤੇ ਹਰਵਿੰਦਰ ਸਿੰਘ ਬੁੱਟਰ, ਪੌਦਾ ਰੋਗ ਵਿਗਿਆਨ, ਪੀ. ਏ. ਯੂ., ਲੁਧਿਆਣਾ (ਮੋ. 94637-47280)



ਜੜ੍ਹ-ਗੰਢ ਰੋਗ, ਇੱਕ ਨੀਮਾਟੋਡ ਦੀ ਬਿਮਾਰੀ ਹੈ ਜੋ ਜ਼ਮੀਨ ਰਾਹੀਂ ਲੱਗਦੀ ਹੈ। ਇਸ ਨਾਲ ਪ੍ਰਭਾਵਿਤ ਪਨੀਰੀ ਤੇ ਖੁਰਾਕੀ ਤੱਤਾਂ (ਜਿਵੇਂ ਕਿ ਲੋਹੇ, ਜ਼ਿੰਕ, ਨਾਈਟ੍ਰੋਜਨ, ਸਲਫਰ ਆਦਿ) ਅਤੇ ਪਾਣੀ ਦੀ ਘਾਟ ਵਰਗੇ ਲੱਛਣ ਨਜ਼ਰ ਆਉਂਦੇ ਹਨ ਜਿਸ ਕਰਕੇ ਕਿਸਾਨ ਵੀਰਾਂ ਨੂੰ ਗਲਤੀ ਲੱਗ ਜਾਂਦੀ ਹੈ ਅਤੇ ਉਹ ਇਸ ਪਨੀਰੀ ਉੱਤੇ ਲੋਹਾ, ਜ਼ਿੰਕ ਆਦਿ ਦਾ ਛਿੜਕਾਅ ਕਰ ਦਿੰਦੇ ਹਨ ਅਤੇ ਪਨੀਰੀ ਫਿਰ ਵੀ ਠੀਕ ਨਹੀਂ ਹੁੰਦੀ। ਇਸ ਲਈ ਬਾਸਮਤੀ ਦੀ ਪਨੀਰੀ ਬੀਜਣ ਤੋਂ ਪਹਿਲਾਂ ਹੀ ਜੜ੍ਹ-ਗੰਢ ਨੀਮਾਟੋਡ ਦੀ ਰੋਕਥਾਮ ਕਰਨੀ ਚਾਹੀਦੀ ਹੈ।

**ਲੱਛਣ** : ਝੋਨੇ ਜਾਂ ਬਾਸਮਤੀ ਦੀ ਪਨੀਰੀ ਅਤੇ ਫਸਲ ਤੇ ਜੜ੍ਹ ਗੰਢ ਰੋਗ ਦੇ ਲੱਛਣ ਧੌੜੀਆਂ ਵਿਚ ਦਿਖਾਈ ਦਿੰਦੇ ਹਨ। ਇਸ ਦੇ ਹਮਲੇ ਨਾਲ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਆਕਾਰ ਵਿਚ ਛੋਟੇ ਰਹਿ ਜਾਂਦੇ ਹਨ। ਜੜ੍ਹ ਗੰਢ ਰੋਗ ਦੇ ਨੀਮਾਟੋਡਸ ਨੂੰ ਅਕਸਰ ਬੂਟਿਆਂ ਦੇ ਲੁਕਵੇਂ ਦੁਸ਼ਮਣ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਦੀ ਲਾਗ ਦੇ ਕਾਰਨ ਪੈਦਾ ਹੋਣ ਵਾਲੇ ਲੱਛਣ ਜ਼ਮੀਨ ਦੇ ਅੰਦਰ ਜੜ੍ਹਾਂ ਉੱਤੇ ਦਿਖਾਈ ਦਿੰਦੇ ਹਨ ਅਤੇ ਬਾਹਰੋਂ ਦੇਖਣ ਦੇ ਬੂਟੇ ਪੀਲੇ ਅਤੇ ਛੋਟੇ ਨਜ਼ਰ ਆਉਂਦੇ ਹਨ। ਅਜਿਹੇ ਬੂਟਿਆਂ ਨੂੰ ਪੁੱਟ ਕੇ ਦੇਖਿਆ ਜਾਵੇ ਤਾਂ ਇਨ੍ਹਾਂ ਦੀਆਂ ਜੜ੍ਹਾਂ ਸਿਰੇ ਤੋਂ ਮੁੜ ਕੇ ਮੋਤੀਆਂ ਜਾਂ ਮਣਕਿਆਂ ਵਰਗੀਆਂ ਦਿਖਾਈ ਦਿੰਦੀਆਂ ਹਨ। ਇਸ ਰੋਗ ਤੋਂ ਪ੍ਰਭਾਵਿਤ ਪਨੀਰੀ ਮਾੜੀ ਰਹਿ ਜਾਂਦੀ ਹੈ ਅਤੇ ਅਜਿਹੀ ਪਨੀਰੀ ਤੋਂ ਲਗਾਈ ਫਸਲ ਦੀ ਪੈਦਾਵਾਰ ਵੀ ਘੱਟ ਮਿਲਦੀ ਹੈ।

**ਰੋਕਥਾਮ** :

★ ਪਨੀਰੀ ਦੀ ਬਿਜਾਈ ਵੇਲੇ ਖੇਤ ਨੂੰ ਕੱਦੂ ਜ਼ਰੂਰ ਕਰੋ।

★ ਪਨੀਰੀ ਨੂੰ ਪਾਣੀ ਦੀ ਘਾਟ ਨਾ ਆਉਣ ਦਿਓ।

★ ਜੜ੍ਹ ਗੰਢ ਨੀਮਾਟੋਡ ਨਾਲ ਪ੍ਰਭਾਵਿਤ ਪਨੀਰੀ ਦੀ ਵਰਤੋਂ ਨਾ ਕਰੋ।

★ ਜੜ੍ਹ ਗੰਢ ਨੀਮਾਟੋਡ ਰਹਿਤ ਪਨੀਰੀ ਤਿਆਰ ਕਰਨ ਲਈ ਉਸ ਥਾਂ ਦੀ ਚੋਣ ਕਰੋ ਜਿੱਥੇ ਨੀਮਾਟੋਡ ਦਾ ਹਮਲਾ ਨਾ ਹੋਵੇ।

★ ਝੋਨੇ ਜਾਂ ਬਾਸਮਤੀ ਦੀ ਪਨੀਰੀ ਦੀ ਬਿਜਾਈ ਤੋਂ 10 ਦਿਨ ਪਹਿਲਾਂ 40 ਗ੍ਰਾਮ ਸਰੋਂ ਦੀ ਖਲ ਪ੍ਰਤੀ ਵਰਗ ਮੀਟਰ (1.0 ਕਿਲੋ ਪ੍ਰਤੀ ਮਰਲਾ) ਦੇ ਹਿਸਾਬ ਨਾਲ ਰਹੁਣੀ ਤੋਂ ਬਾਅਦ ਪਾ ਦਿਓ।

★ ਸਰੋਂ ਦੀ ਖਲ ਪਾਉਣ ਤੋਂ 10 ਦਿਨ ਬਾਅਦ ਪਨੀਰੀ ਦੀ ਬਿਜਾਈ ਕਰਨੀ ਚਾਹੀਦੀ ਹੈ।

# ਪਿਆਰ ਦਾ ਪਾਤਰ ਸੁਰਜੀਤ



**ਸੁਰਜੀਤ ਆਪਣੇ ਨਾਮ ਨਾਲ ਆਪਣੇ ਪਿੰਡ ਦਾ ਨਾਮ ਪਾਤੜ ਲਿਖਦਾ ਸੀ। ਅੰਗ੍ਰੇਜ਼ੀ ਵਿਚ ਤਾਂ ਇਹ ਆਪਣੇ ਆਪ ਪਾਤਰ ਬਣ ਗਿਆ। ਪਰ ਪੰਜਾਬ ਵਿਚ ਪ੍ਰੀਤਲੜੀ ਨੇ ਪਾਤਰ ਬਣਾ ਦਿੱਤਾ। ਉਹ ਦੱਸਦਾ ਸੀ ਕਿ ਉਸ ਦੀਆਂ ਕਵਿਤਾਵਾਂ ਕੰਪੋਜ ਕਰਦੇ ਸਮੇਂ ਕਿਸੇ ਨੇ ਵੇਖਿਆ ਕਿ ਪਾਤੜ ਕੀ ਹੋਇਆ ਪਾਤਰ ਹੋਵੇਗਾ। ਨਵਤੇਜ ਹੋਰਾਂ ਵੀ ਮੋਹਰ ਲਗਾ ਦਿੱਤੀ ਉਹ ਪਾਤਰ ਬਣ ਗਿਆ। ਜਦੋਂ ਉਹ ਪੰਜਾਬੀ ਪਿਆਰਿਆਂ ਦੇ ਸਨਮੁਖ ਹੋਇਆ ਉਦੋਂ ਪਾਸ਼, ਸ਼ਿਵ ਕੁਮਾਰ ਤੇ ਸੰਤ ਰਾਮ ਉਦਾਸੀ ਨਵੀਂ ਪੀੜ੍ਹੀ ਦੇ ਚਹੇਤੇ ਕਵੀ ਸਨ। ਇਨ੍ਹਾਂ ਤਿੰਨਾ ਦੇ ਤੁਰ ਜਾਣ ਪਿਛੋਂ ਤਾਂ ਕੇਵਲ ਪਾਤਰ ਹੀ ਉਨ੍ਹਾਂ ਦਾ ਚਹੇਤਾ ਸ਼ਾਇਰ ਬਣ ਗਿਆ। ਪਾਤਰ ਨੇ ਕਿਸੇ ਵਿਸ਼ੇਸ਼ ਵਾਦ ਜਾਂ ਸੋਚ ਨੂੰ ਲੈ ਕੇ ਸ਼ਾਇਰੀ ਨਹੀਂ ਕੀਤੀ ਸਗੋਂ ਜੋ ਸਾਹਮਣੇ ਵੇਖਿਆ ਉਸੇ ਨੂੰ ਬਿਆਨਿਆ।**

ਡਾ. ਰਣਜੀਤ ਸਿੰਘ

ਜਿਤਨਾ ਪਿਆਰ, ਸਤਿਕਾਰ ਅਤੇ ਮਾਣ ਸਨਮਾਨ ਸੁਰਜੀਤ ਪਾਤਰ ਨੂੰ ਪ੍ਰਾਪਤ ਹੋਇਆ। ਸ਼ਾਇਦ ਹੋਰ ਕਿਸੇ ਪੰਜਾਬੀ ਲੇਖਕ ਦੇ ਹਿੱਸੇ ਨਹੀਂ ਆਇਆ। ਪੰਜਾਬੀ ਸਾਹਿਤ ਦਾ ਕੋਈ ਅੱਧੀ ਸਦੀ ਸ਼ਹਿਨਸ਼ਾਹ ਬਣਿਆ ਰਿਹਾ। ਲੋਕੀਂ ਚੇਅਰਮੈਨੀਆਂ ਲੈਣ ਲਈ ਕਈ ਜੁਗਾੜ ਬਣਾਉਂਦੇ ਹਨ ਪਰ ਪਾਤਰ ਨੂੰ ਸਬੰਧਿਤ ਵਜੀਰ ਆਪ ਉਨ੍ਹਾਂ ਦੇ ਘਰ ਪੰਜਾਬ ਕਲਾ ਪ੍ਰੀਸ਼ਦ ਦੀ ਚੇਅਰਮੈਨੀ ਦੇਣ ਆਇਆ। ਪੰਜਾਬ ਦੇ ਮੁੱਖ ਮੰਤਰੀ ਨੇ ਆ ਕੇ ਉਸ ਦੀ ਅਰਥੀ ਨੂੰ ਮੋਢਾ ਦਿੱਤਾ। ਅਸੈਂਬਲੀ ਵਿਚ ਆਪਣੇ ਭਾਸ਼ਣਾਂ ਦੌਰਾਨ ਮੁੱਖ ਮੰਤਰੀ ਪਾਤਰ ਦੇ ਸ਼ੇਅਰ ਬੋਲਦਾ ਹੈ। ਸਰੀਰ ਦਾ ਹਲਕਾ ਫੁਲਕਾ ਤੇ ਦਿਲ ਦਾ ਮਰੀਜ਼ ਵੀ ਸੀ ਪਰ ਉਸ ਕਦੇ ਵੀ ਕਿਸੇ ਦਾ ਸੱਦਾ ਪੱਤਰ ਨਹੀਂ ਠੁਕਰਾਇਆ। ਲਗਭਗ ਹਰ ਰੋਜ਼ ਹੀ ਉਸ ਕਿਸੇ ਨਾ ਕਿਸੇ ਸਮਾਗਮ ਦੀ ਪ੍ਰਧਾਨਗੀ ਕੀਤੀ। ਉਸ ਦੀ ਸ਼ਾਇਰੀ ਦੇ ਤਾਂ ਸਾਰੇ ਕਾਇਲ ਹੀ ਸਨ ਪਰ ਜਦੋਂ ਉਹ ਆਪਣੇ ਵਿਚਾਰ ਸਾਂਝੇ ਕਰਦਾ ਸੀ ਤਾਂ ਉਨ੍ਹਾਂ ਵਿਚ ਨਵੀਨਤਾ ਹੁੰਦੀ ਸੀ ਤੇ ਉਸ ਦੇ ਅੰਦਾਜ਼ੇ ਬਿਆਨ ਬਹੁਤ ਪ੍ਰਭਾਵਸ਼ਾਲੀ ਸੀ। ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿਚ ਜਿੱਥੇ ਵੀ ਪੰਜਾਬੀ ਵਸਦੇ ਹਨ, ਉਹ ਉਨ੍ਹਾਂ ਦੇ ਦਿਲਾਂ ਵਿਚ ਵਸਦਾ ਸੀ। ਇਹ ਸ਼ਾਇਦ ਪਾਤਰ ਹੀ ਸੀ ਜਿਸ ਦੀ ਸ਼ਾਇਰੀ ਸੁਣਨ ਲੋਕ ਟਿਕਟ ਖਰੀਦ ਕੇ ਸਮਾਗਮ ਵਿਚ ਆਉਂਦੇ ਸਨ। ਉਹ 1972 ਵਿਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿਚ ਆਇਆ ਉਦੋਂ ਹੀ ਮੈਂ ਆਪਣੀ ਪੀਐੱਚ. ਡੀ. ਪੂਰੀ ਕਰਕੇ ਮੁੜ ਨੌਕਰੀ ਵਿਚ ਆਇਆ। ਮੇਰੇ ਇਕ ਸਹਿਯੋਗੀ ਇਨ੍ਹਾਂ ਦੇ ਵਿਭਾਗ ਵਿਚੋਂ ਆਇਆ ਸੀ ਇਸ ਕਰਕੇ ਮਿਲਣਾ ਸੌਖਾ ਹੋ ਗਿਆ। ਪੰਜਾਬੀ ਸਾਹਿਤ ਵਿਚ ਰੁੱਚੀ ਹੋਣ ਕਰਕੇ ਪਾਤਰ ਨਾਲ ਨੇੜਤਾ ਹੋਣੀ ਮਾਣ ਵਾਲੀ ਪ੍ਰਾਪਤੀ ਸੀ।

ਸੁਰਜੀਤ ਆਪਣੇ ਨਾਮ ਨਾਲ ਆਪਣੇ ਪਿੰਡ ਦਾ ਨਾਮ ਪਾਤੜ ਲਿਖਦਾ ਸੀ। ਅੰਗ੍ਰੇਜ਼ੀ ਵਿਚ ਤਾਂ ਇਹ ਆਪਣੇ ਆਪ ਪਾਤਰ ਬਣ ਗਿਆ। ਪਰ ਪੰਜਾਬ ਵਿਚ ਪ੍ਰੀਤਲੜੀ ਨੇ ਪਾਤਰ ਬਣਾ ਦਿੱਤਾ। ਉਹ ਦੱਸਦਾ ਸੀ ਕਿ ਉਸ ਦੀਆਂ ਕਵਿਤਾਵਾਂ ਕੰਪੋਜ ਕਰਦੇ ਸਮੇਂ ਕਿਸੇ ਨੇ ਵੇਖਿਆ ਕਿ ਪਾਤੜ ਕੀ ਹੋਇਆ ਪਾਤਰ ਹੋਵੇਗਾ। ਨਵਤੇਜ ਹੋਰਾਂ ਵੀ ਮੋਹਰ ਲਗਾ ਦਿੱਤੀ ਉਹ ਪਾਤਰ ਬਣ ਗਿਆ। ਜਦੋਂ ਉਹ ਪੰਜਾਬੀ ਪਿਆਰਿਆਂ ਦੇ ਸਨਮੁਖ ਹੋਇਆ ਉਦੋਂ ਪਾਸ਼, ਸ਼ਿਵ ਕੁਮਾਰ ਤੇ ਸੰਤ ਰਾਮ ਉਦਾਸੀ ਨਵੀਂ ਪੀੜ੍ਹੀ ਦੇ ਚਹੇਤੇ ਕਵੀ ਸਨ। ਇਨ੍ਹਾਂ ਤਿੰਨਾ ਦੇ ਤੁਰ ਜਾਣ ਪਿਛੋਂ ਤਾਂ ਕੇਵਲ ਪਾਤਰ ਹੀ ਉਨ੍ਹਾਂ ਦਾ ਚਹੇਤਾ ਸ਼ਾਇਰ ਬਣ ਗਿਆ। ਪਾਤਰ ਨੇ ਕਿਸੇ ਵਿਸ਼ੇਸ਼ ਵਾਦ ਜਾਂ ਸੋਚ ਨੂੰ ਲੈ ਕੇ ਸ਼ਾਇਰੀ ਨਹੀਂ ਕੀਤੀ ਸਗੋਂ ਜੋ ਸਾਹਮਣੇ ਵੇਖਿਆ ਉਸੇ ਨੂੰ ਬਿਆਨਿਆ। ਸੰਤਾਲੀ ਦੇ ਸੰਤਾਪ ਦੀ ਦਰਦ ਭਰੀ ਕਹਾਣੀ ਬਿਆਨ ਕੀਤੀ। ਜਦੋਂ ਦੇਸ਼ ਵਿਚ ਐਮਰਜੈਂਸੀ ਲੱਗੀ ਉਸ ਦਾ ਵਿਰੋਧ ਕੀਤਾ। ਪੰਜਾਬ ਦੇ ਮਾੜੇ ਦਿਨਾਂ ਵਿਚ ਉਸ ਲਿਖਿਆ ਕਦੇ ਵਾਰਸ ਸ਼ਾਹ ਨੂੰ ਵੰਡਿਆ ਸੀ ਹੁਣ ਸ਼ਿਵ ਦੀ ਵਾਰੀ ਹੈ। ਪਰ 84 ਵਿਚ ਹੋਏ ਸਿੱਖਾਂ ਦੇ ਕਤਲੇਆਮ ਦੀ ਸ਼ਰਮਨਾਕ ਘਟਨਾ ਦੀ ਖੁੱਲ੍ਹ ਦੇ ਨਿੰਦਿਆ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸਾਜਨਾ ਦਾ ਬਿਆਨ ਦੀ ਉਸ ਨਿਵੇਕਲੇ ਅੰਦਾਜ਼ ਵਿਚ ਕੀਤਾ। ਤਲਵਾਰ ਦੇ ਹਰੇਕ ਵਾਰ ਨਾਲ ਖਤਮ ਕੀਤੀ ਬੁਰਿਆਈ ਨੂੰ ਬਿਆਨਿਆ। ਪੰਜਾਬੀਆਂ ਦੇ ਪੰਜਾਬੀ ਤੋਂ ਮੁੱਖ ਮੋੜਨ ਦਾ ਦਰਦ ਵੀ ਉਸ ਬਿਆਨਿਆ।

ਟੀਸੀ ਪਹੁੰਚ ਕੇ ਵੀ ਉਹ ਹਉਮੈ ਤੋਂ ਨਿਰਲੇਪ ਰਿਹਾ ਪਰ ਉਸ ਨੂੰ ਆਪਣੀਆਂ ਪ੍ਰਾਪਤੀਆਂ ਉੱਤੇ ਮਾਣ ਜ਼ਰੂਰ ਸੀ। ਇਕ ਵਾਰ ਉਹ ਆਪਣੇ ਕਿਸੇ ਮਿੱਤਰ ਦੀ ਸਿਫਾਰਸ਼ ਕਰਨ ਗਿਆ ਅੱਗੋਂ ਸਬੰਧਿਤ ਵਿਅਕਤੀ ਨੇ ਆਪਣੀ ਮਜਬੂਰੀ ਦੱਸੀ ਉਦੋਂ ਸ਼ਾਇਦ ਪਹਿਲੀ ਤੇ ਆਖਰੀ ਵਾਰ ਉਸ ਆਖਿਆ ਸੀ; 'ਤੁਹਾਡੇ ਕੋਲ ਸਿਫਾਰਸ਼ ਪਾਤਰ ਲੈ ਕੇ ਆਇਆ ਹੈ।' ਉਸ ਵਿਚ ਸਾਦਗੀ ਦੇ ਨਾਲੋ ਨਾਲ ਸਵੈਮਾਣ ਵੀ ਸੀ। ਉਸ ਦੇ ਪਾਠਕਾਂ ਤੇ ਸਾਥੀਆਂ ਨੇ ਉਸਨੂੰ ਪੰਜਾਬੀ ਸਾਹਿਤ ਅਕਾਡਮੀ ਦਾ ਪ੍ਰਧਾਨ ਚੁਣਿਆ। ਦੂਜੀ ਵਾਰ ਮੁੜ ਪ੍ਰਧਾਨ ਬਣਿਆ। ਤੀਜੀ ਵਾਰ ਪਾਤਰ ਨੇ ਚੋਣ ਲੜਨ ਤੋਂ ਨਾਂਹ ਕਰ ਦਿੱਤੀ ਪਰ ਬੜੀ ਮੁਸ਼ਕਿਲ ਨਾਲ ਉਸ ਨੂੰ ਰਾਜੀ ਕੀਤਾ ਕਿਉਂਕਿ ਤੀਜੀ ਧਿਰ ਨੇ ਬਾਜੀ ਮਾਰ ਲੈਣੀ ਸੀ। ਮੈਨੂੰ ਉਸ ਨੇ ਅਕਾਡਮੀ ਦਾ ਮੀਡੀਆ ਸਕੱਤਰ ਬਣਾਇਆ ਤੇ ਸੁਰਮਈ



ਸ਼ਾਮ ਦੇ ਨਾਮ ਹੇਠ ਮਿਆਰੀ ਗਾਇਕੀ ਦਾ ਪ੍ਰੋਗਰਾਮ ਚਾਲੂ ਕੀਤਾ ਜਿਸ ਦੀ ਹਰ ਮਹੀਨੇ ਮਕਬੂਲੀਅਤ ਵਧਦੀ ਗਈ ਤੇ ਸੰਜੀਦਾ ਗਾਇਨ ਸੁਣਨ ਵਾਲਿਆਂ ਨੇ ਪੰਜਾਬੀ ਭਵਨ ਵਿਚ ਆਉਣਾ ਸ਼ੁਰੂ ਕੀਤਾ। ਤੀਜੀ ਵਾਰ ਮੁੜ ਅਸੀਂ ਸਾਰਿਆਂ ਨੇ ਉਨ੍ਹਾਂ ਨੂੰ ਪ੍ਰਧਾਨ ਬਣਨ ਲਈ ਰਾਜੀ ਕੀਤਾ ਪਰ ਇਸ ਵਾਰ ਉਸ ਸ਼ਰਤ ਰੱਖੀ ਕਿ ਚੋਣ ਨਹੀਂ ਲੜਾਂਗਾ ਸਰਬ-ਸੰਮਤੀ ਨਾਲ ਹੀ ਬਣਾਂਗਾ। ਇਥੇ ਵੀ ਕਿਸੇ ਤੀਜੀ ਧਿਰ ਨੇ ਅੜਿੱਕਾ ਡਾਹ ਦਿੱਤਾ। ਸਾਰਿਆਂ ਦੀ ਕੋਸ਼ਿਸ਼ ਦੇ ਬਾਵਜੂਦ ਤੀਜੇ ਬੰਦੇ ਨੇ ਆਪਣੀ ਨਾਮਜਦਗੀ ਵਾਪਸ ਲੈਣ ਤੋਂ ਨਾਂਹ ਕਰ ਦਿੱਤੀ। ਭਾਵੇਂ ਕਿ ਮੁਕਾਬਲਾ ਨਹੀਂ ਸੀ ਪਰ ਪਾਤਰ ਨੇ ਸਾਡੇ ਸਾਰਿਆਂ ਦੇ ਸਾਹਮਣੇ ਹੀ ਆਪਣਾ ਨਾਮ ਵਾਪਸ ਲੈ ਲਿਆ। ਕੁਦਰਤੀ ਚੋਣ ਦੀ ਤਿੰਨੇ ਵਾਰ ਜ਼ੁੰਮੇਵਾਰੀ ਮੇਰੀ ਹੀ ਸੀ। ਪਾਤਰ ਨੇ ਹਮੇਸ਼ਾ ਸੱਚ ਦਾ ਸਾਥ ਦਿੱਤਾ। ਇਕ ਵਾਰ ਉਨ੍ਹਾਂ ਦੇ ਵਿਭਾਗੀ ਮੁੱਖੀ ਨੇ ਕਿਸੇ ਹੋਰ ਅਧਿਆਪਕ ਖਿਲਾਫ ਆਪਣੇ ਵੱਲ ਆਉਣ ਨੂੰ ਆਖਿਆ। ਉਹ ਬਹੁਤ ਦੁਖੀ ਹੋਇਆ। ਅਖੀਰ ਉਸਨੇ ਮੁੱਖੀ ਦੀ ਨਰਾਜਗੀ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਸੱਚ ਦਾ ਸਾਥ ਦਿੱਤਾ। ਪੰਜਾਬ ਸਰਕਾਰ ਨੇ ਇਨ੍ਹਾਂ ਨੂੰ ਸ਼੍ਰੋਮਣੀ ਕਵੀ ਦਾ ਸਨਮਾਨ ਦਿੱਤਾ ਪਰ ਨਾਲ ਹੀ ਇਕ ਹੋਰ ਕਵੀ ਨੂੰ ਸਰਵਸ਼੍ਰੇਸ਼ਟ ਸਾਹਿਤਕਾਰ ਦਾ ਸਨਮਾਨ ਦੇ ਦਿੱਤਾ। ਪਾਤਰ ਦੇ ਪਾਠਕਾਂ ਅਤੇ ਦੋਸਤਾਂ ਨੇ ਇਸ ਗਲਤ ਫੈਸਲੇ ਵਿਰੁੱਧ ਰੌਲਾ ਪਾਇਆ। ਪਾਤਰ ਦੀ ਸਿਹਤ ਤੇ ਵੀ ਅਸਰ ਪਿਆ ਤੇ ਉਸ ਇਹ ਸਨਮਾਨ ਨਾ ਲੈਣ ਦਾ ਫੈਸਲਾ ਕਰ ਲਿਆ ਉਦੋਂ ਦੇ ਮੁੱਖ ਮੰਤਰੀ ਨੇ ਦੋਨਾਂ ਇਨਾਮਾਂ ਦੀ ਰਾਸ਼ੀ ਬਰਾਬਰ ਕੀਤੀ ਤੇ ਪਾਤਰ ਨੂੰ ਇਨਾਮ ਵਾਪਸ ਨਾ ਕਰਨ ਲਈ ਬੇਨਤੀ ਕੀਤੀ। ਕਿਸੇ ਸਮਾਗਮ ਵਿਚ ਮੈਨੂੰ ਇਕ ਜੱਜ ਸਾਹਿਬ ਨੂੰ ਮਿਲਣ ਦਾ ਮੌਕਾ ਮਿਲਿਆ। ਉਸ ਦੱਸਿਆ ਕਿ ਇਕ ਵਾਰ ਮੈਂ ਕਵਿਤਾ ਉਚਾਰਨ ਪ੍ਰਤੀਯੋਗਤਾ ਵਿਚ ਭਾਗ ਲਿਆ। ਮੈਂ ਪਾਤਰ ਸਾਹਿਬ ਦੀ ਕਵਿਤਾ ਦਾ ਉਚਾਰਨ ਕੀਤਾ। ਮੇਰੀ ਕਵਿਤਾ ਬਹੁਤ ਸਲਾਹੀ ਗਈ ਤੇ ਜਾਪਦਾ ਸੀ ਕਿ ਇਹ ਇਨਾਮ ਮੈਨੂੰ ਹੀ ਮਿਲੇਗਾ। ਪਾਤਰ ਜੱਜ ਦੀ ਕੁਰਸੀ ਤੇ ਬੈਠਾ ਸੀ। ਇਨਾਮ ਕਿਸੇ ਹੋਰ ਨੂੰ ਮਿਲ ਗਿਆ। ਉਸ ਦੱਸਿਆ ਕਿ ਪਾਤਰ ਜੀ ਵਿਸ਼ੇਸ਼ ਤੌਰ ਤੇ ਮੈਨੂੰ ਮਿਲਣ ਆਏ ਤੇ ਆਖਿਆ, ''ਇਨਾਮ ਦਾ ਤਾਂ ਤੂੰ ਹੀ ਹੱਕਦਾਰ ਸੈਂ ਪਰ ਜੇ ਤੈਨੂੰ ਇਨਾਮ ਦੇ ਦਿੰਦੇ ਤਾਂ ਲੋਕਾਂ ਆਖਣਾ ਸੀ ਪਾਤਰ ਨੇ ਆਪਣੀ ਕਵਿਤਾ ਕਰਕੇ ਇਹ ਫੈਸਲਾ ਕੀਤਾ ਹੈ।''

ਮੈਨੂੰ ਆਪਣੀ ਨੌਕਰੀ ਦੇ ਸਿਲਸਿਲੇ ਵਿੱਚ ਪਿੰਡਾਂ, ਸਕੂਲਾਂ, ਕਾਲਜਾਂ ਤੇ ਸਿਖਲਾਈ ਪ੍ਰੋਗਰਾਮ ਵਿਚ ਜਾਣਾ ਪੈਂਦਾ ਸੀ। ਜਿਹੜੇ ਮੈਨੂੰ ਜਾਣਦੇ ਸਨ ਉਨ੍ਹਾਂ ਦਾ ਪਹਿਲਾ ਸਵਾਲ ਹੁੰਦਾ ਸੀ, ''ਪਾਤਰ ਸਾਹਿਬ ਦਾ ਕੀ ਹੈ?'' ਜਿਹੜੇ ਮੇਰੇ ਵਾਕਫ ਨਹੀਂ ਸਨ ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਸੀ ਕਿ ਮੈਂ ਖੇਤੀਬਾੜੀ ਯੂਨੀਵਰਸਿਟੀ ਤੋਂ ਆਇਆ ਹਾਂ ਤਾਂ ਉਚੇਚੇ ਤੌਰ ਤੇ ਪੁੱਛਦੇ ਸਨ, ''ਤੁਸੀਂ ਪਾਤਰ ਸਾਹਿਬ ਨੂੰ ਜਾਣਦੇ ਹੋ?'' ਕੈਨੇਡਾ ਵਸਦੇ ਸਾਡੇ ਦੋ ਵਿਦਿਆਰਥੀ ਬਲਵਿੰਦਰ ਸੁਕੀਨਾ ਤੇ ਜਸਬੀਰ ਚੀਮਾਂ ਤਾਂ ਪਾਤਰ ਦੇ ਬਹੁਤ ਹੀ ਵੱਡੇ ਪ੍ਰਸੰਸਕ ਹਨ। ਬਲਵਿੰਦਰ ਨੇ ਆਪਣੇ ਰੇਡੀਓ ਸਰਮਰ ਰਾਹੀਂ ਪਾਤਰ ਦੀਆਂ ਲਿਖਤਾਂ ਅਧਾਰਿਤ ਇਕ ਬਹੁਤ ਹੀ ਖੂਬਸੂਰਤ ਪ੍ਰੋਗਰਾਮ ਸ਼ਰਧਾਂਜਲੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਕੁਝ ਸਾਲ ਪਹਿਲਾਂ ਮੇਰੇ ਯੂਰੋਪ ਦੇ ਕੁਝ ਦੇਸ਼ਾਂ ਵਿਚ ਜਾਣ ਦਾ ਪ੍ਰੋਗਰਾਮ ਸੀ, ਬਹੁਤਾ ਸਮਾਂ ਇੰਗਲੈਂਡ ਹੀ ਬੀਤਣਾ ਸੀ। ਪਾਤਰ ਵੀ ਉਦੋਂ ਉਥੇ ਸੀ। ਸਾਡੇ ਸਾਂਝੇ ਮਿੱਤਰ ਸਾਥੀ ਲੁਧਿਆਣਵੀ ਨੂੰ ਮੇਰੇ ਆਉਣ ਦਾ ਜਦੋਂ ਪਤਾ ਲੱਗਿਆ ਤਾਂ ਉਸ ਪਾਤਰ ਹੱਥ ਸੁਨੇਹਾ ਭੇਜਿਆ ਕਿ ਜੇਕਰ ਇਸ ਵਾਰ ਮਿਲਕੇ ਨਾ ਗਿਆ ਤਾਂ ਮੈਥੋਂ ਬੁਰਾ ਕੋਈ ਨਹੀਂ ਹੋਵੇਗਾ। ਉੱਥੋਂ ਵਾਪਸ ਆ ਕੇ ਪਾਤਰ ਵਿਸ਼ੇਸ਼ ਤੌਰ ਉੱਤੇ ਇਹ ਸੁਨੇਹਾ ਦੇਣ ਆਏ ਤੇ ਅਸੀਂ ਕਾਫੀ ਦੇਰ ਸਾਥੀ ਬਾਰੇ ਗੱਲਾਂ ਕਰਦੇ ਰਹੇ।

ਪੰਜਾਬ ਕਲਾ ਪ੍ਰੀਸ਼ਦ ਵੱਲੋਂ ਹਰ ਸਾਲ ਡਾ. ਮਹਿੰਦਰ ਸਿੰਘ ਰੰਧਾਵਾ ਦੇ ਜਨਮ ਦਿਨ ਮੌਕੇ ਦੋ ਫਰਵਰੀ ਤੋਂ ਰੰਧਾਵਾ ਉਤਸਵ ਮਨਾਇਆ ਜਾਂਦਾ ਹੈ। ਪਾਤਰ ਸਾਹਿਬ ਚੇਅਰਮੈਨ ਸਨ। ਕਾਂਗਰਸ ਸਰਕਾਰ ਨੇ ਇਹ ਜ਼ੁੰਮੇਵਾਰੀ ਸੌਂਪੀ ਸੀ ਤੇ ਆਪ ਸਰਕਾਰ ਨੇ ਇਸੇ ਨੂੰ ਕਾਇਮ ਰੱਖਿਆ ਤੇ ਪਾਤਰ ਆਖਰੀ ਸਾਹ ਤੱਕ ਇਸੇ ਪੱਦਵੀ ਤੇ ਰਹੇ। ਇਹ ਵੀ ਇਕ ਵਿਸ਼ੇਸ਼ ਪ੍ਰਾਪਤੀ ਹੈ। ਇਨ੍ਹਾਂ ਦਾ ਇਕ ਦਿਨ ਫੋਨ ਆਇਆ, ''ਡਾ. ਸਾਹਿਬ ਦੋ ਫਰਵਰੀ ਨੂੰ ਸਾਨੂੰ ਤੁਹਾਡੀ ਲੋੜ ਹੈ'' ਮੇਰੇ ਲਈ ਇਹ ਵੀ ਇਕ ਪ੍ਰਾਪਤੀ ਸੀ ਕਿ ਮਹਾਨ ਕਵੀ ਬੁਲਾ ਰਿਹਾ ਹੈ। ਮੈਂ ਆਇਆ ਹੁਕਮ ਕਰੋ, ਇਸ ਵਾਰ ਅਸੀਂ ਫੈਸਲਾ ਕੀਤਾ ਹੈ ਕਿ ਡਾ. ਰੰਧਾਵਾ ਬਾਰੇ ਭਾਸ਼ਣ ਤੁਹਾਤੋਂ ਕਰਵਾਇਆ ਜਾਵੇ। ''ਮੇਰਾ ਉੱਤਰ ਸੀ ਕਿ ਇਹ ਮੇਰਾ ਸੁਭਾਗ ਹੈ ਪਰ ਮੇਰਾ ਨੰਬਰ ਕਿਵੇਂ ਲੱਗ ਗਿਆ, ਮੈਥੋਂ ਵੱਧ ਸੂਝਵਾਨ ਬੈਠੇ ਹਨ।'' ਪਾਤਰ ਦਾ ਉੱਤਰ ਸੀ ''ਇਹ ਅਸੀਂ ਦੇਖਣਾ ਹੈ ਤੁਸੀਂ ਚਾਰ ਕੁ ਵਜੇ ਤੱਕ ਕਲਾ ਭਵਨ ਪਹੁੰਚ ਜਾਣਾ'' ਉਥੇ ਪਾਤਰ, ਲਖਵਿੰਦਰ ਜੌਹਲ ਤੇ ਨਿੰਦਰ ਨੇ ਖੂਬ ਆਉ ਭਗਤ ਕੀਤੀ। ਚਰਨਜੀਤ ਚੰਨੀ ਉਦੋਂ ਇਸ ਮਹਿਕਮੇ ਦੇ ਮੰਤਰੀ ਸਨ ਉਹ ਛੇ ਕੁ ਵਜੇ ਆਏ ਤੇ ਪ੍ਰੋਗਰਾਮ ਸ਼ੁਰੂ ਹੋਇਆ। ਮੇਰਾ ਲੈਕਚਰ ਹੀ ਨਹੀਂ ਸਗੋਂ ਢੁੱਕਵਾਂ ਮਾਣ ਸਨਮਾਨ ਵੀ ਕੀਤਾ। ''ਪਾਤਰ ਨੇ ਵਡਿਆਉਂਦਿਆਂ ਆਖਿਆ,'' ਰੰਧਾਵਾ ਸਾਹਿਬ ਬਾਰੇ ਦੱਸੀਆਂ ਬਹੁਤੀਆਂ ਗੱਲਾਂ ਦਾ ਤਾਂ ਸਾਨੂੰ ਪਤਾ ਹੀ ਨਹੀਂ ਸੀ।

ਪੰਜਾਬੀ ਦਾ ਇਕ ਖੂਬਸੂਰਤ ਮੈਗਜ਼ੀਨ ਮਹਿਰਮ ਛੱਪਦਾ ਸੀ। ਉਸ ਵਿਚ ਮੇਰਾ ਕਾਲਮ 'ਖਬਰਨਾਮਾ ਪੰਜਾਬ' ਹੁੰਦਾ ਸੀ। ਇਕ ਵਾਰ ਮੈਂ ਪਾਤਰ ਬਾਰੇ ਦੋ ਸਦੀਆਂ ਦਾ ਬਾਦਸ਼ਾਹ ਕਵੀ ਲਿਖ ਬੈਠਾ। ਪਾਤਰ ਉਚੇਚੇ ਤੌਰ ਉੱਤੇ ਮਿਲਣ ਆਏ ਤੇ ਆਖਣ ਲੱਗੇ ਲੋੜ ਤੋਂ ਵੱਧ ਹੀ ਤਾਰੀਫ ਕਰ ਦਿੱਤੀ। ਆਧੁਨਿਕ ਸਮੇਂ ਦੇ ਪੰਜਾਬੀ ਕਵੀਆਂ ਵਿਚ ਜਿਤਨਾ ਪਾਤਰ ਦੀਆਂ ਰਚਨਾਵਾਂ ਨੂੰ ਗਾਇਆ ਗਿਆ ਹੈ, ਸ਼ਾਇਦ ਹੋਰ ਕਿਸੇ ਕਵੀ ਨੂੰ ਇਹ ਮਾਣ ਹਾਸਲ ਨਹੀਂ ਹੋਇਆ। ਪੰਜਾਬੀ ਦੇ ਪ੍ਰਸਿੱਧ ਗਾਇਕਾਂ ਤੋਂ ਬਿਨਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਇਨ੍ਹਾਂ ਦੇ ਛੋਟੇ ਭਰਾ, ਪੁੱਤਰ ਅਤੇ ਜੀਵਨ ਸਾਥਣ ਦੀਆਂ ਮਧੁਰ ਅਵਾਜ਼ਾਂ ਨੇ ਸੋਨੇ ਉੱਤੇ ਸੁਹਾਗੇ ਦਾ ਕੰਮ ਕੀਤਾ ਹੈ। ਸਾਰੇ ਹੀ ਉਨ੍ਹਾਂ ਨੂੰ ਆਪਣਾ ਕਰੀਬੀ ਸਮਝਦੇ ਸਨ। ਉਸ ਯੁਗ ਕਵੀ ਹੀ ਨਹੀਂ ਸਗੋਂ ਧਰਮੀ ਬੰਦਾ ਵੀ ਸੀ। ਪੰਜਾਬੀ ਦੇ ਕਈ ਚੋਟੀ ਦੇ ਲੇਖਕਾਂ ਦਾ ਅਖੀਰਲਾ ਸਮਾਂ ਬੜਾ ਦੁੱਖਦਾਈ ਸੀ ਪਰ ਪਾਤਰ ਤਾਂ ਸਾਰਾ ਕੰਮ ਨਿਬੇੜ ਅਰਾਮ ਨਾਲ ਸੁੱਤਾ ਤੇ ਸੁੱਤਾ ਹੀ ਰਹਿ ਗਿਆ। ਅਜੇਹੇ ਜਾਣ ਵਾਲੇ ਨੂੰ ਆਮ ਕਰਕੇ ਧਰਮੀ ਬੰਦਾ ਆਖਿਆ ਜਾਂਦਾ ਹੈ। ਉਹ ਸੱਚਮੁੱਚ ਸੰਤ ਸੁਭਾਅ ਵਾਲਾ ਧਰਮੀ ਬੰਦਾ ਸੀ।



# ਜੂਨ ਮਹੀਨੇ ਦੇ ਖੇਤੀ ਰੁਝੇਵੇਂ

**ਕਮਾਦ** : ਕਮਾਦ ਦੀ ਫਸਲ ਨੂੰ 7-12 ਦਿਨਾਂ ਦੇ ਵਕਫੇ ਅਤੇ ਪਾਣੀ ਦਿਉ ਅਤੇ ਕਮਾਦ ਦੀਆਂ ਕਤਾਰਾਂ ਦੇ ਨਾਲ-ਨਾਲ 65 ਕਿਲੋ ਯੂਰੀਆ ਦੀ ਦੂਸਰੀ ਕਿਸ਼ਤ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਆਗ ਦੇ ਗੜੂੰਏਂ ਹਮਲੇ ਦੀ ਰੋਕਥਾਮ ਲਈ ਮਿੱਤਰ ਕੀੜੇ (ਟ੍ਰਾਈਕੋਗਰਾਮਾ ਜਪੋਨੀਕਮ) ਰਾਹੀਂ 7 ਦਿਨ ਪਹਿਲਾਂ ਪ੍ਰਜੀਵੀ ਕਿਰਿਆ ਕੀਤੇ ਕੋਰਸਾਇਰਾ ਦੇ ਤਕਰੀਬਨ 20,000 ਅੰਡੇ ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨ ਦੇ ਫਰਕ ਨਾਲ ਵਰਤੋ। ਟ੍ਰਾਈਕੋਕਾਰਡਾਂ ਦੀ ਵਰਤੋਂ ਦੇ ਨਾਲ-ਨਾਲ, 10 ਫਿਰੋਮੋਨ ਟਰੈਪ ਪ੍ਰਤੀ ਏਕੜ ਵਰਤਣ ਨਾਲ ਆਗ ਦੇ ਗੜੂੰਏਂ ਦੀ ਸੁਚੱਜੀ ਰੋਕਥਾਮ ਕੀਤੀ ਜਾ ਸਕਦੀ ਹੈ। ਜੂਨ ਦੇ ਅਖੀਰਲੇ ਹਫਤੇ ਜਾਂ ਜੁਲਾਈ ਦੇ ਪਹਿਲੇ ਹਫਤੇ ਹਮਲਾ 5% ਤੋਂ ਵੱਧ ਹੋਵੇ ਤਾਂ 10 ਕਿਲੋ 0.4 ਜੀ ਆਰ ਜਾਂ 12 ਕਿਲੋ ਕਾਰਬੋਫਿਊਰਾਨ 3 ਜੀ ਪ੍ਰਤੀ ਏਕੜ ਦੇ ਹਿਸਾਬ ਨਾਲ ਸ਼ਾਖਾਂ ਦੇ ਮੁੱਢਾਂ ਨੇੜੇ ਪਾਉ ਅਤੇ ਹਲਕੀ ਮਿੱਟੀ ਚਾੜ ਕੇ ਖੇਤ ਨੂੰ ਪਾਣੀ ਲਾ ਦਿਉ। ਇਸ ਮਹੀਨੇ ਕਈ ਵਾਰ ਕਾਲੇ ਖਟਮਲ ਦਾ ਹਮਲਾ ਖਾਸ ਕਰਕੇ ਮੁੱਢੇ ਕਮਾਦ ਤੇ ਕਾਫੀ ਖਤਰਨਾਕ ਹੁੰਦਾ ਹੈ। ਇਸ ਦੀ ਰੋਕਥਾਮ 350 ਮਿਲੀਲਿਟਰ ਡਰਸਬਾਨ / ਲੀਥਲ /



ਮਾਸਬਾਨ / ਗੋਲਡਬਾਨ 20 ਈ ਸੀ ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰਨ ਨਾਲ ਕੀਤੀ ਜਾ ਸਕਦੀ ਹੈ। ਛਿੜਕਾਅ ਦਾ ਰੁਖ ਸਿੱਧੇ ਪੱਤਿਆਂ ਦੀ ਗੋਭ ਵੱਲ ਕਰੋ। ਜ਼ਿਆਦਾ ਖੁਸ਼ਕ ਮੌਸਮ ਕਰਕੇ ਗੰਨੇ ਦੀ ਫਸਲ ਤੇ ਜੂੰ ਦਾ ਹਮਲਾ ਹੋ ਸਕਦਾ ਹੈ। ਕਮਾਦ ਦੀ ਫਸਲ ਲਾਗਿਉਂ ਬਰੂ ਦੇ ਬੂਟੇ ਪੁੱਟ ਦਿਉ ਕਿਉਂਕਿ ਇਨ੍ਹਾਂ ਬੂਟਿਆਂ ਤੋਂ ਜੂੰ ਕਮਾਦ ਦੀ ਫਸਲ ਤੇ ਫੈਲਦੀ ਹੈ।

**ਕਪਾਹ** : ਜੇਕਰ ਇਟਸਿਟ ਪਹਿਲੇ ਪਾਣੀ ਨਾਲ ਜਾਂ ਬਾਰਸ਼ਾਂ ਦੇ ਨਾਲ ਫਸਲ ਵਿੱਚ ਉੱਗ ਪਵੇ ਤਾਂ ਇੱਕ ਲਿਟਰ ਸਟੌਂਪ 30 ਈ ਸੀ ਨੂੰ 200 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਕਪਾਹ ਨੂੰ ਪਾਣੀ ਲਾਉਣ ਤੋਂ ਪਿੱਛੋਂ ਵਰਤੋ। ਸਟੌਂਪ ਨਦੀਨ ਨਾਸ਼ਕ ਉੱਗੇ ਹੋਏ ਨਦੀਨਾਂ ਨੂੰ ਨਹੀਂ ਮਾਰਦੀ। ਇਸ ਲਈ ਨਦੀਨ ਨਾਸ਼ਕ ਦੀ ਵਰਤੋਂ ਤੋਂ ਪਹਿਲਾਂ ਉੱਗੇ ਨਦੀਨਾਂ ਦੀ ਗੋਡੀ ਕਰ ਦਿਉ। ਇਸ ਦੇ ਬਦਲ ਵਿਚ ਫਸਲ ਵਿਚ ਪਹਿਲੇ ਪਾਣੀ ਤੋਂ ਬਾਅਦ ਖੇਤ ਵੱਤਰ ਆਉਣ ਤੇ 500 ਮਿਲੀਲਿਟਰ ਪ੍ਰਤੀ ਏਕੜ ਹਿਟਵੀਡ ਮੈਕਸ 10 ਪ੍ਰਤੀਸ਼ਤ (ਪਾਈਰੀਥਾਇਉਬੈਕ ਸੋਡੀਅਮ 6% + ਕੁਇਜ਼ਾਲੋਫਾਪ ਇਥਾਇਲ 4%) ਦਾ ਛਿੜਕਾਅ ਕਰਨ ਤੇ ਘਾਹ ਅਤੇ ਚੌੜੇ ਪੱਤੇ ਵਾਲੇ ਮੌਸਮੀ ਨਦੀਨਾਂ ਦੀ ਚੰਗੀ ਰੋਕਥਾਮ ਕੀਤੀ ਜਾ ਸਕਦੀ ਹੈ। ਇਹ ਨਦੀਨਨਾਸ਼ਕ ਲਪੇਟਾ ਵੇਲ (ਗੁਆਰਾ ਵੇਲ) ਦੀ ਵੀ 2 ਤੋਂ 5 ਪੱਤਿਆਂ ਦੀ ਅਵਸਥਾ ਤੇ ਚੰਗਾ ਰੋਕਥਾਮ ਕਰਦੀ ਹੈ। ਨਰਮੇ ਦੀ ਫਸਲ ਨੂੰ ਵਿਰਲਾ ਕਰਨ ਤੋਂ ਬਾਅਦ ਬੀ. ਟੀ. ਰਹਿਤ ਕਿਸਮਾਂ ਲਈ 33 ਕਿਲੋ ਯੂਰੀਆ, ਬੀ ਟੀ ਨਰਮੇ ਦੀਆਂ ਕਿਸਮਾਂ ਲਈ 40 ਕਿਲੋ ਯੂਰੀਆ ਅਤੇ ਗੈਰ ਬੀ ਟੀ/ਹਾਈਬਰਿਡ ਲਈ 45 ਕਿਲੋ ਯੂਰੀਆ ਪ੍ਰਤੀ ਏਕੜ ਪਾਉ। ਬੀ ਟੀ ਨਰਮੇ ਵਿੱਚ ਲੋੜ ਅਨੁਸਾਰ ਯੂਰੀਆ ਵਰਤਣ ਲਈ ਪੀ ਏ ਯੂ-ਪੱਤਾ ਰੰਗ ਚਾਰਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜੇਕਰ ਖੇਤ ਵਿੱਚ ਬੂਟਿਆਂ ਦੀ ਗਿਣਤੀ ਘੱਟ ਹੋਵੇ ਤਾਂ ਲਿਫਾਫਿਆਂ ਵਿੱਚ ਅਗਾਊਂ ਬੀਜੇ ਤਿੰਨ ਹਫਤੇ ਦੇ ਨਰਮੇ ਦੇ ਬੂਟੇ ਖੇਤ ਵਿੱਚ ਲਗਾ ਕੇ ਗਿਣਤੀ ਪੂਰੀ ਕਰ ਸਕਦੇ ਹੋ।

ਗਰੈਮਕਸੋਨ (ਪੈਰਾਕੁਏਟ) 0.5 ਲਿਟਰ ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਵਰਤ ਕੇ ਨਰਮੇ ਦੀ ਬਿਜਾਈ ਤੋਂ 6-8 ਹਫਤੇ ਬਾਅਦ ਨਰਮੇ ਦੀਆਂ ਕਤਾਰਾਂ ਵਿਚਕਾਰ ਸਿੱਧਾ ਛਿੜਕਾਅ ਕਰਕੇ ਨਦੀਨਾਂ ਤੇ ਚੰਗਾ ਕਾਬੂ ਪਾਇਆ ਜਾ ਸਕਦਾ ਹੈ। ਨਰਮੇ ਦੇ ਬੂਟਿਆਂ ਦੇ ਪੱਤਿਆਂ ਤੇ ਛਿੜਕਾਅ ਨਹੀਂ ਪੈਣਾ ਚਾਹੀਦਾ। ਨਰਮੇ ਦੀ ਬਿਜਾਈ ਤੋਂ 6-8 ਹਫਤਿਆਂ ਬਾਅਦ ਗੋਡੀ ਕਰਕੇ ਵੀ ਨਦੀਨ ਕੱਢੇ ਜਾ ਸਕਦੇ ਹਨ। ਨਰਮੇ ਤੋਂ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫਸਲਾਂ ਜਿਵੇਂ ਕਿ ਬੈਂਗਣ, ਆਲੂ, ਟਮਾਟਰ, ਮਿਰਚਾਂ, ਮੂੰਗੀ ਆਦਿ ਤੇ ਵੀ ਪਾਇਆ ਜਾਂਦਾ ਹੈ। ਇਸ ਲਈ ਇਹਨਾਂ ਫਸਲਾਂ ਦਾ ਲਗਾਤਾਰ ਸਰਵੇਖਣ ਕਰੋ ਅਤੇ ਲੋੜ ਮੁਤਾਬਿਕ ਇਸ ਦੀ ਰੋਕਥਾਮ ਕਰੋ। ਇਸ ਮਹੀਨੇ ਨਰਮੇ ਦੀ ਫਸਲ ਤੇ ਵੀ ਚਿੱਟੀ ਮੱਖੀ ਦਾ ਲਗਾਤਾਰ ਸਰਵੇਖਣ ਕਰਦੇ ਰਹੋ। ਹਰੇ ਤੇਲੇ ਦੀ ਰੋਕਥਾਮ ਲਈ 300 ਮਿਲੀਲਿਟਰ ਕੀਫਨ 15 ਈ ਸੀ (ਟੋਲਫੈਨਪਾਇਰੈਡ) ਜਾਂ 60 ਗ੍ਰਾਮ ਓਸ਼ੀਨ 20 ਐਸ ਸੀ ਜਾਂ 300 ਮਿਲੀਲਿਟਰ ਨਿਓਨ 5 ਈ ਸੀ (ਫੈਨਪਾਇਰੋਕਸੀਮੇਟ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 40 ਗ੍ਰਾਮ ਐਕਟਾਰਾ / ਦੋਤਾਰਾ / ਐਕਸਟਰਾ ਸੁਪਰ / ਥੌਮਸਨ 25 ਡਬਲਯੂ ਜੀ (ਥਾਇਆਮੀਥਾਕਸਮ) ਨੂੰ 100 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਛਿੜਕੋ। ਖੇਤਾਂ ਵਿੱਚੋਂ ਸ਼ੁਰੂ ਤੋਂ ਹੀ ਪੱਤਾ ਮਰੋੜ ਵਿਸ਼ਾਣੂੰ ਰੋਗ (ਲੀਫ ਕਰਲ) ਵਾਲੇ ਬੂਟੇ ਸਮੇਂ-ਸਮੇਂ ਸਿਰ ਪੁੱਟ ਕੇ ਦਬਾਉਂਦੇ ਰਹੋ। ਸਿਫਾਰਿਸ਼ ਕੀਤੇ ਕੀਟਨਾਸ਼ਕ ਵਰਤ ਕੇ ਚਿੱਟੀ ਮੱਖੀ ਦੀ ਰੋਕਥਾਮ ਕਰੋ। ਖੇਤਾਂ ਦੇ ਆਲੇ ਦੁਆਲੇ ਨਦੀਨਾਂ ਦੀ ਰੋਕਥਾਮ ਕਰੋ ਤਾਂ ਜੋ ਮਿਲੀਬੱਗ ਇਨ੍ਹਾਂ ਨਦੀਨਾਂ ਤੇ ਆਪਣਾ ਵਾਧਾ ਨਾ ਕਰ ਸਕੇ ਅਤੇ ਫਸਲ ਇਸ ਦੇ ਹਮਲੇ ਤੋਂ ਬਚੀ ਰਹੇ। ਪੈਰਾ ਵਿਲਟ ਕਾਰਨ ਨਰਮੇਂ ਦੇ ਬੂਟੇ ਪਾਣੀ ਲੱਗਣ ਤੋਂ ਬਾਅਦ ਮੁਰਝਾਅ ਜਾਂਦੇ ਹਨ। ਇਸ ਦੀ ਰੋਕਥਾਮ ਲਈ ਕੋਬਾਲਟ ਕਲੋਰਾਈਡ 10 ਮਿਲੀਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਘੋਲ ਦਾ ਛਿੜਕਾਅ ਉਸ ਵੇਲੇ ਕਰਨਾ ਹੈ ਜਦੋਂ ਬੂਟਾ ਮੁਰਝਾਉਣਾ ਸ਼ੁਰੂ ਹੋਵੇ।


**ਝੋਨਾ** : ਅੱਧ ਮਈ ਵਿੱਚ ਬੀਜੀ ਗਈ ਝੋਨੇ ਦੀ ਪਨੀਰੀ ਨੂੰ ਯੂਰੀਏ ਦੀ ਦੂਸਰੀ ਖੁਰਾਕ (26 ਕਿਲੋ/ਏਕੜ) ਪਾਉ ਤਾਂ ਜੋ ਖੇਤ ਵਿੱਚ ਲਗਾਉਣ ਲਈ ਪਨੀਰੀ



ਸਮੇਂ ਸਿਰ ਤਿਆਰ ਹੋ ਜਾਵੇ। ਝੋਨੇ ਦੀਆਂ ਪੀ ਆਰ-131, ਪੀ ਆਰ-129, ਪੀ ਆਰ-128, ਪੀ ਆਰ-121, ਪੀ ਆਰ-122, ਪੀ ਆਰ-114 ਅਤੇ ਪੀ ਆਰ-113 ਕਿਸਮਾਂ ਨੂੰ 20 ਜੂਨ ਤੋਂ ਅਤੇ ਪੀ ਆਰ-127, ਪੀ ਆਰ-130, ਐਚ ਕੇ ਆਰ 147 ਅਤੇ ਪੀ ਆਰ 126 ਨੂੰ 25 ਜੂਨ ਤੋਂ ਖੇਤਾਂ ਵਿੱਚ ਲਗਾਉਣੀਆਂ ਸ਼ੁਰੂ ਕਰ ਦਿਉ। ਝੋਨੇ ਦੀ ਪੀ ਆਰ-126 ਕਿਸਮ ਦੀ ਲਵਾਈ 20 ਜੁਲਾਈ ਤੱਕ ਖੇਤਾਂ ਵਿਚ ਕਰ ਸਕਦੇ ਹਾਂ। ਝੋਨੇ ਦੀ ਪੀ ਆਰ-126 ਕਿਸਮ ਜਲਦੀ ਖੇਤ ਖਾਲੀ ਕਰ ਦਿੰਦੀ ਹੈ ਅਤੇ ਆਲੂ, ਮਟਰ ਅਤੇ ਬਰਸੀਮ ਦੀਆਂ ਫਸਲਾਂ ਦੀ ਸਮੇਂ ਸਿਰ ਬਿਜਾਈ ਹੋ ਜਾਂਦੀ ਹੈ। ਖੇਤ ਵਿੱਚ ਲਾਉਣ ਸਮੇਂ ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ ਲਈ 30-35 ਦਿਨਾਂ ਦੀ ਜਦੋਂ ਕਿ ਥੋੜ੍ਹਾ ਸਮਾਂ ਲੈਣ ਵਾਲੀਆਂ ਕਿਸਮਾਂ (ਪੀ ਆਰ-126) ਲਈ 25 ਤੋਂ 30 ਦਿਨਾਂ ਦੀ ਪਨੀਰੀ ਵਰਤੋ। ਆਮ ਕਰਕੇ ਹਲਕੀਆਂ ਜ਼ਮੀਨਾਂ ਤੇ ਝੋਨੇ ਦੀ ਪਨੀਰੀ ਪੀਲੀ ਜਾਂ ਚਿੱਟੀ ਜਿਹੀ ਹੋ ਜਾਂਦੀ ਹੈ। ਇਸ ਦੀ ਰੋਕਥਾਮ ਲਈ 0.5 ਤੋਂ 1 ਕਿਲੋ ਫੈਰਸ ਸਲਫੇਟ, 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਹਫਤੇ-ਹਫਤੇ ਦੇ ਵਕਫੇ ਤੇ ਇਹ ਛਿੜਕਾਅ 2-3 ਵਾਰੀ ਦੁਹਰਾਉ। ਝੋਨੇ ਦੀ ਪਨੀਰੀ ਨੂੰ ਖੇਤ ਵਿੱਚ ਲਗਾਉਣ ਸਮੇਂ ਦਰਮਿਆਨੀਆਂ ਜ਼ਮੀਨਾਂ ਵਿੱਚ 30 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਪਾਉ। ਪਰ ਜੇਕਰ ਯੂਰੀਆ ਦੀ ਵਰਤੋਂ ਪੱਤਾ ਰੰਗ ਚਾਰਟ ਅਨੁਸਾਰ ਕਰਨੀ ਹੋਵੇ ਤਾਂ ਬਿਜਾਈ ਵੇਲੇ 25 ਕਿਲੋ ਯੂਰੀਆ/ਏਕੜ ਪਾਉ। ਜਿੱਥੇ ਕਣਕ ਤੋਂ ਬਾਅਦ ਝੋਨਾ ਬੀਜਣਾ ਹੋਵੇ ਅਤੇ ਸਿਫਾਰਸ਼ ਕੀਤੀ ਗਈ ਫਾਸਫੋਰਸ ਕਣਕ ਨੂੰ ਪਾਈ ਹੋਵੇ ਤਾਂ ਝੋਨੇ ਨੂੰ ਫਾਸਫੋਰਸ ਖਾਦ ਨਾ ਪਾਉ। ਮਿੱਟੀ ਪਰਖ ਦੇ ਆਧਾਰ ਤੇ ਜਿਨ੍ਹਾਂ ਖੇਤਾਂ ਵਿੱਚ ਫਾਸਫੋਰਸ ਘੱਟ ਹੈ, ਉਥੇ 75 ਕਿਲੋ ਸਿੰਗਲ ਸੁਪਰਫਾਸਫੇਟ ਜਾਂ 27 ਕਿਲੋ ਡੀ ਏ ਪੀ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਖਾਦਾਂ ਦੀ ਸਹੀ ਅਤੇ ਸੰਤੁਲਿਤ ਵਰਤੋਂ ਕਰੋ। ਝੋਨੇ ਵਿੱਚ ਜ਼ਿੰਕ ਦੀ ਘਾਟ ਦੂਰ ਕਰਨ ਲਈ ਜੇ ਲੋੜ ਹੋਵੇ ਤਾਂ ਕੱਦੂ ਕਰਨ ਸਮੇਂ ਹੀ 25 ਕਿਲੋ ਜ਼ਿੰਕ ਸਲਫੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਜੇਕਰ ਹਰੀ ਖਾਦ ਲਈ ਢੈਂਚਾ ਬੀਜਿਆ ਹੈ ਤਾਂ ਇਸ ਨੂੰ ਕੱਦੂ ਕਰਨ ਸਮੇਂ ਖੇਤ ਵਿੱਚ ਵਾਹ ਦਿਉ। ਜੇਕਰ ਹਰੀ ਖਾਦ ਦੀ ਵਰਤੋਂ ਕਰਨੀ ਹੋਵੇ ਤਾਂ ਪਨੀਰੀ ਲਗਾਉਣ ਤੋਂ ਇੱਕ ਦਿਨ ਪਹਿਲਾਂ ਹਰੀ ਖਾਦ ਦੀ ਫਸਲ ਖੇਤ ਵਿੱਚ ਦਬਾ ਦਿਉ। ਨਦੀਨਾਂ ਦੀ ਰੋਕਥਾਮ ਲਈ 45 ਗ੍ਰਾਮ ਟੌਪਸਟਾਰ 80 ਤਾਕਤ ਜਾਂ 60 ਗ੍ਰਾਮ ਸਾਥੀ (ਪਾਈਰੇਜ਼ੋਸਲਫੂਰਾਨ ਈਥਾਈਲ) 10 ਤਾਕਤ ਜਾਂ 1200 ਮਿਲੀਲਿਟਰ ਕੋਈ ਵੀ ਸਿਫਾਰਿਸ਼ ਕੀਤੀ ਨਦੀਨਨਾਸ਼ਕ ਬੂਟਾਕਲੋਰ 50 ਤਾਕਤ ਜਾਂ 500 ਮਿਲੀਲਿਟਰ ਅਨੀਲੋਫਾਸ 30 ਤਾਕਤ ਜਾਂ ਪਰੀਟੀਲਾਕਲੋਰ 50 ਤਾਕਤ ਜਾਂ 600 ਮਿਲੀਲਿਟਰ ਜਾਂ ਪਰੀਟੀਲਾਕਲੋਰ 37 ਈ ਡਬਲਯੂ 750 ਮਿਲੀਲਿਟਰ ਜਾਂ ਸਟੌਂਪ 30 ਤਾਕਤ 1000-1200 ਮਿਲੀਲਿਟਰ ਪ੍ਰਤੀ ਏਕੜ ਨੂੰ 60 ਕਿਲੋ ਰੇਤ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਪਨੀਰੀ ਪੁੱਟ ਕੇ ਖੇਤ ਵਿੱਚ ਲਾਉਣ ਤੋਂ ਦੋ-ਤਿੰਨ ਦਿਨਾਂ ਦੇ ਵਿੱਚ ਖੜ੍ਹੇ ਪਾਣੀ ਵਿੱਚ ਇਨ੍ਹਾਂ ਵਿੱਚੋਂ ਕੋਈ ਇੱਕ ਨਦੀਨਨਾਸ਼ਕ ਦਾ ਇਕਸਾਰ ਛੱਟਾ ਦਿਉ।

ਪੰਜਾਬ ਬਾਸਮਤੀ-7, ਪੰਜਾਬ ਬਾਸਮਤੀ-5, ਪੂਸਾ-1121, ਪੂਸਾ ਬਾਸਮਤੀ-1847 ਅਤੇ ਪੂਸਾ ਬਾਸਮਤੀ 1718 ਦੀ ਪਨੀਰੀ ਜੂਨ ਦੇ ਪਹਿਲੇ ਪੰਦਰਵਾੜੇ ਵਿੱਚ ਬੀਜੋ। ਸੀ ਐਸ ਆਰ-30 ਅਤੇ ਪੂਸਾ ਬਾਸਮਤੀ-1509 ਦੀ ਪਨੀਰੀ ਜੂਨ ਦੇ ਦੂਸਰੇ ਪੰਦਰਵਾੜੇ ਵਿੱਚ ਹੀ ਬੀਜੋ। ਬਾਸਮਤੀ ਕਿਸਮਾਂ ਨੂੰ ਬੀਜ ਰਾਹੀਂ ਲੱਗਣ ਵਾਲੀਆਂ ਬਿਮਾਰੀਆਂ (ਝੰਡਾ ਰੋਗ) ਤੋਂ ਬਚਾਉਣ ਲਈ 3 ਗ੍ਰਾਮ ਸਪਰਿੰਟ ਨੂੰ 10-12 ਮਿ. ਲਿ. ਪਾਣੀ ਵਿਚ ਘੋਲ ਕੇ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਬੀਜੋ।

**ਮੱਕੀ** : ਨੀਮ ਪਹਾੜੀ ਇਲਾਕਿਆਂ ਵਿੱਚ ਇਸ ਮਹੀਨੇ ਦੇ ਸ਼ੁਰੂ ਵਿੱਚ ਮੱਕੀ



ਦੀ ਬਿਜਾਈ ਸ਼ੁਰੂ ਕਰ ਦਿਉ। ਜੇਕਰ ਨਦੀਨ ਨਾ ਹੋਣ ਤਾਂ ਵਹਾਈ ਤੋਂ ਬਗੈਰ ਵੀ ਬਿਜਾਈ ਕੀਤੀ ਜਾ ਸਕਦੀ ਹੈ। ਨਦੀਨਾਂ ਦੀ ਰੋਕਥਾਮ ਲਈ ਐਟਰਾਟਾਫ 50 ਘੁਲਣਸ਼ੀਲ (ਐਟਰਾਜ਼ੀਨ) 800 ਗ੍ਰਾਮ ਪ੍ਰਤੀ ਏਕੜ ਨੂੰ ਭਾਰੀਆਂ ਜ਼ਮੀਨਾਂ ਲਈ ਅਤੇ 500 ਗ੍ਰਾਮ ਨੂੰ ਹਲਕੀਆਂ ਜ਼ਮੀਨਾਂ ਲਈ ਬਿਜਾਈ ਦੇ 10 ਦਿਨ ਅੰਦਰ ਵਰਤੋ। ਮੱਕੀ ਨੂੰ ਖਾਲੀਆਂ ਵਿੱਚ ਹੀ ਬੀਜਿਆ ਜਾ ਸਕਦਾ ਹੈ। ਇਸ ਨਾਲ ਸਿੰਚਾਈ ਵਾਲਾ ਪਾਣੀ ਵੀ ਬਚੇਗਾ ਅਤੇ ਫਸਲ ਵੀ ਨਹੀਂ ਡਿੱਗੇਗੀ। ਜੇਕਰ ਮੱਕੀ, ਕਣਕ ਤੋਂ ਬਾਅਦ ਬੀਜਣੀ ਹੋਵੇ ਜਿਸਨੂੰ ਫਾਸਫੋਰਸ ਸਿਫਾਰਸ਼ ਕੀਤੀ ਮਾਤਰਾ ਅਨੁਸਾਰ ਪਾਈ ਹੋਵੇ ਤਾਂ ਮੱਕੀ ਨੂੰ ਇਹ ਖਾਦ ਪਾਉਣ ਦੀ ਲੋੜ ਨਹੀਂ। ਪੀ ਐਮ ਐਚ 11, ਪੀ ਐਮ ਐਚ 1, ਪ੍ਰਭਾਤ ਅਤੇ ਪੰਜਾਬ ਸਵੀਟ ਕੋਰਨ ਲਈ 37 ਕਿਲੋ ਯੂਰੀਆ/ਪ੍ਰਤੀ ਏਕੜ ਅਤੇ ਪੀ ਐਮ ਐਚ 2, ਕੇਸਰੀ ਅਤੇ ਪਰਲ ਪੌਪਕੌਰਨ ਕਿਸਮਾਂ ਲਈ 25 ਕਿਲੋ ਯੂਰੀਆ/ਏਕੜ ਬਿਜਾਈ

ਬਾਕੀ ਸਫਾ 10 'ਤੇ

# ਢੋਲਾਂ ਵਿੱਚ ਕਣਕ ਨੂੰ ਕੀੜੇ-ਮਕੌੜਿਆਂ ਤੋਂ ਇੰਝ ਬਚਾਓ

★ ਡਰੰਮਾਂ ਵਿਚ ਕਣਕ ਪਾਉਣ ਤੋਂ ਪਹਿਲਾਂ ਕਣਕ ਨੂੰ ਪੱਖਾ ਲਗਾ ਕੇ ਚੰਗੀ ਤਰ੍ਹਾਂ ਸਾਫ ਕਰਨਾ ਚਾਹੀਦਾ ਹੈ ।

★ ਘਰੇਲੂ ਪੱਧਰ ਤੇ ਕਣਕ ਨੂੰ ਸਟੋਰ ਕਰਨ ਲਈ ਲੋਹੇ/ਟੀਨ ਦੇ ਢੋਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ ।

★ ਕਣਕ ਨੂੰ ਢੋਲਾਂ ਵਿਚ ਸਟੋਰ ਕਰਨ ਤੋਂ ਪਹਿਲਾਂ ਪੁਰਾਣੇ ਰੱਖੇ ਦਾਣੇ ਕੱਢ ਲੈਣੇ ਚਾਹੀਦੇ ਹਨ ਅਤੇ ਢੋਲ ਨੂੰ ਚੰਗੀ ਤਰ੍ਹਾਂ ਸਾਫ ਕਰਨਾ ਚਾਹੀਦਾ ਹੈ । ਪਹਿਲਾਂ ਸਟੋਰ ਕੀਤੇ ਅਨਾਜ ਦੀ ਰਹਿੰਦ-ਖੂੰਹਦ (ਕੂੜੇ) ਨੂੰ ਜ਼ਮੀਨ ਵਿਚ ਦੱਬ ਕੇ ਖਤਮ ਕਰ ਦੇਣਾ ਚਾਹੀਦਾ ਹੈ ।

★ ਨਵੇਂ ਦਾਣਿਆਂ ਨੂੰ ਕਦੇ ਵੀ ਪੁਰਾਣੇ ਦਾਣਿਆਂ ਵਿਚ ਮਿਲਾ ਕੇ ਸਟੋਰ ਨਹੀਂ ਕਰਨਾ ਚਾਹੀਦਾ । ਜੇਕਰ ਦਾਣੇ ਲੱਗੇ ਹੋਏ ਹੋਣ ਜਾਂ ਸਿੱਲ੍ਹੇ ਹੋਣ ਤਾਂ ਉਹਨਾਂ ਨੂੰ ਸਟੋਰ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ।

★ ਢੋਲ ਨੂੰ 2-3 ਦਿਨ ਚੰਗੀ ਧੁੱਪ ਲਵਾ ਲੈਣੀ ਚਾਹੀਦੀ ਹੈ । ਜੇਕਰ ਕਿਸੇ ਜਗ੍ਹਾ ਕਿਸੇ ਤੋਂ ਢੋਲ ਟੁੱਟਾ ਹੋਵੇ ਤਾਂ ਇਸ ਨੂੰ ਜ਼ਰੂਰ ਠੀਕ ਕਰਵਾ ਲੈਣਾ ਚਾਹੀਦਾ ਹੈ । ਕਣਕ ਸਟੋਰ ਕਰਨ ਤੋਂ ਪਹਿਲਾਂ ਦਾਣਿਆਂ ਨੂੰ ਚੰਗੀ ਤਰ੍ਹਾਂ ਸੁਕਾ ਲਓ ।



★ ਢੋਲਾਂ ਨੂੰ ਦੀਵਾਰਾਂ ਤੋਂ ਦੂਰੀ ਤੇ ਅਤੇ ਉੱਚੀ ਜਗ੍ਹਾ ਤੇ ਜਾਂ ਲੱਕੜੀ ਦੇ ਚੌਖਾਟੇ ਉੱਤੇ ਰੱਖਣਾ ਚਾਹੀਦਾ ਹੈ ।

★ ਢੋਲਾਂ ਨੂੰ ਉੱਪਰ ਤੱਕ ਨੱਕੋ-ਨੱਕ ਭਰਨਾ ਚਾਹੀਦਾ ਹੈ ਅਤੇ ਢੱਕਣ ਚੰਗੀ ਤਰ੍ਹਾਂ ਕੱਸ ਕੇ ਬੰਦ ਕਰਨਾ ਚਾਹੀਦਾ ਹੈ ।

★ ਸਟੋਰ ਕਰਨ ਦੇ ਪਹਿਲੇ 30 ਦਿਨ ਢੋਲ ਨੂੰ ਬਿਲਕੁਲ ਨਹੀਂ ਖੋਲ੍ਹਣਾ ਚਾਹੀਦਾ ਅਤੇ ਬਾਅਦ ਵਿਚ ਦਾਣੇ ਕੱਢਣ ਤੋਂ ਤੁਰੰਤ ਬਾਅਦ ਢੱਕਣ ਨੂੰ ਬੰਦ ਕਰ ਦੇਣਾ ਚਾਹੀਦਾ ਹੈ ।

★ ਦਾਣਿਆਂ ਦਾ ਸਮੇਂ ਸਮੇਂ ਤੇ ਕੀੜੇ-ਮਕੌੜਿਆਂ ਦੇ ਹਮਲੇ ਲਈ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ।

★ ਜੇ ਕਿਸੇ ਕਾਰਨ ਕਰਕੇ ਕਣਕ ਲੱਗ ਜਾਵੇ ਤਾਂ ਫੋਸਟੌਕਸਿਨ ਜਾਂ ਡੈਲੀਸ਼ੀਆ ਜਾਂ ਸੈਲਫਾਸ (ਐਲੂਮੀਨੀਅਮ ਫਾਸਫਾਈਡ) ਦੀ ਤਿੰਨ ਗ੍ਰਾਮ ਦੀ ਇਕ ਗੋਲੀ ਇਕ ਟਨ ਦਾਣਿਆਂ ਦੇ ਹਿਸਾਬ ਨਾਲ ਵਰਤਣੀ ਚਾਹੀਦੀ ਹੈ ।

★ ਐਲੂਮੀਨੀਅਮ ਫਾਸਫਾਈਡ ਗੋਲੀ ਦੀ ਵਰਤੋਂ ਕਰਨ ਤੋਂ ਪਹਿਲਾਂ ਢੋਲ ਦਾ ਹੇਠਲਾ ਢੱਕਣ ਚੰਗੀ ਤਰ੍ਹਾਂ ਟੇਪ ਲਗਾ ਕੇ ਸੀਲ ਕਰ ਦੇਣਾ ਚਾਹੀਦਾ ਹੈ । ਗੋਲੀਆਂ ਢੇਰ ਦੇ ਉਪਰਲੇ ਢੱਕਣ ਤੋਂ ਪਾਉਣ ਉਪਰੰਤ ਸੱਤ ਦਿਨ ਹਵਾ ਬੰਦ ਰੱਖਣਾ ਜ਼ਰੂਰੀ ਹੈ ।

ਜੇਕਰ ਦਾਣਿਆਂ ਨੂੰ ਖਪਰਾ ਲੱਗਾ ਹੋਵੇ ਤਾਂ ਐਲੂਮੀਨੀਅਮ ਫਾਸਫਾਈਡ ਦੀ ਮਾਤਰਾ ਦੁੱਗਣੀ ਕਰ ਦੇਣੀ ਚਾਹੀਦੀ ਹੈ ।

**ਗੁਰਮੇਲ ਸਿੰਘ ਅਤੇ ਕਰਮਜੀਤ ਸ਼ਰਮਾ,**
**ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ (ਮੋਬਾਇਲ : 81462-60400)**

---

ਬਰਜਿੰਦਰ ਕੌਰ ਬਿਸਰਾਓ
ਮੋਬਾ: 99889-0 1324

# ਨਾੜ ਜਾਂ ਪਰਾਲੀ ਨਾ ਸਾੜਨ ਲਈ ਇਕ ਦੂਜੇ ਦੇ ਸਹਿਯੋਗ ਦੀ ਲੋੜ

## ਪਰਾਲੀ ਨੂੰ ਸਾੜਨ ਤੋਂ ਰੋਕਣਾ ਸਰਕਾਰ ਅਤੇ ਕਿਸਾਨਾਂ ਦੀ ਸਾਂਝੀ ਜ਼ਿੰਮੇਵਾਰੀ

ਅੱਜਕਲ ਕਣਕ ਦੀ ਵਾਢੀ ਹੋ ਚੁੱਕੀ ਹੈ ਪਰ ਕਣਕ ਦੀ ਨਾੜ ਸਾੜਨਾ ਆਮ ਲੋਕਾਂ ਜਾਂ ਰਾਹਗੀਰਾਂ ਲਈ ਇਕ ਵੱਡੀ ਸਿਰਦਰਦੀ ਬਣੀ ਹੋਈ ਹੈ । ਇਸ ਤੋਂ ਉਠਣ ਵਾਲੇ ਧੂੰਏਂ ਤੋਂ ਪ੍ਰਭਾਵਤ ਹੋ ਕੇ ਰੋਜ਼ ਦਿਲ ਹਿਲਾ ਦੇਣ ਵਾਲੀਆਂ ਘਟਨਾਵਾਂ ਵਪਾਰ ਰਹੀਆਂ ਹਨ । ਆਖਰ ਇਹ ਕਦ ਤੱਕ ਹੁੰਦਾ ਰਹੇਗਾ ? ਇਸ ਦਾ ਹੱਲ ਕਿਸਾਨਾਂ ਨੂੰ ਆਪ ਹੀ ਸੋਚਣਾ ਪਵੇਗਾ । ਦੁਰਘਟਨਾਵਾਂ ਦਾ ਸ਼ਿਕਾਰ ਹੋਣ ਵਾਲੇ ਵੀ ਉਨ੍ਹਾਂ ਵਰਗੇ ਆਮ ਲੋਕ ਹੀ ਹੁੰਦੇ ਹਨ, ਉਨ੍ਹਾਂ ਦੇ ਰਿਸ਼ਤੇਦਾਰ, ਜਾਣ ਪਛਾਣ ਵਾਲੇ ਜਾਂ ਉਨ੍ਹਾਂ ਦਾ ਅਪਣਾ ਕੋਈ ਵੀ ਇਸ ਦਾ ਸ਼ਿਕਾਰ ਹੋ ਸਕਦਾ ਹੈ ।



ਆਪਾਂ ਜਾਣਦੇ ਹਾਂ ਕਿ ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ । ਪੰਜਾਬ ਵਿਚ ਸਾਢੇ ਬਾਰਾਂ ਹਜ਼ਾਰ ਤੋਂ ਵੱਧ ਪਿੰਡ ਹਨ । ਜਿੱਥੇ ਲੋਕ ਖੇਤੀਬਾੜੀ ਨਾਲ ਸਬੰਧਤ ਹੀ ਕਿੱਤਾਕਾਰ ਹਨ ਜਿਨ੍ਹਾਂ ਨੂੰ ਕਿਸਾਨ ਕਿਹਾ ਜਾਂਦਾ ਹੈ । ਇਨ੍ਹਾਂ ਵਿਚ ਵੱਡੀ ਖੇਤੀ ਕਰਨ ਵਾਲੇ ਥੋੜ੍ਹੇ ਕਿਸਾਨ ਹੁੰਦੇ ਹਨ ਜਦਕਿ ਘੱਟ ਜ਼ਮੀਨ ਦੀ ਖੇਤੀ ਕਰਨ ਵਾਲੇ ਬਹੁਤੇ ਕਿਸਾਨ ਹੁੰਦੇ ਹਨ । ਛੋਟੀ ਖੇਤੀ ਵਾਲੇ ਕਿਸਾਨਾਂ ਦਾ ਜੀਵਨ ਬਹੁਤ ਮੁਸ਼ਕਲਾਂ ਭਰਿਆ ਹੁੰਦਾ ਹੈ । ਖੇਤੀਬਾੜੀ ਵਿਚ ਕਿਸਾਨਾਂ ਨੂੰ ਦਿਨ ਰਾਤ ਮਿਹਨਤ ਕਰਨ ਦੇ ਬਾਵਜੂਦ ਮੌਸਮ ਦੀਆਂ ਵਿਪਰੀਤ ਸਥਿਤੀਆਂ, ਬਿਜਲੀ ਸੰਕਟ ਅਤੇ ਆਰਥਕ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ । ਕਈ ਵਾਰ ਤਾਂ ਕਿਸਾਨਾਂ ਦੀਆਂ ਪੁੱਤਾਂ ਵਾਂਗ ਪਾਲੀਆਂ ਫਸਲਾਂ ਹੜ੍ਹਾਂ, ਗੜੇਮਾਰ ਜਾਂ ਜ਼ਿਆਦਾ ਬਰਸਾਤਾਂ ਕਾਰਨ ਨਸ਼ਟ ਹੋ ਜਾਂਦੀਆਂ ਹਨ ਜਾਂ ਬਿਜਲੀ ਨਾ ਮਿਲਣ ਕਾਰਨ, ਡੀਜ਼ਲਾਂ ਦੇ ਵਾਧੂ ਖਰਚਿਆਂ ਕਰ ਕੇ ਅਕਸਰ ਹੀ ਉਨ੍ਹਾਂ ਨੂੰ ਆਰਥਕ ਸੰਕਟ ਦੇ ਦੌਰ ਵਿਚ ਗੁਜ਼ਾਰਨਾ ਪੈਂਦਾ ਹੈ । ਇਨ੍ਹਾਂ ਸਭ ਤੋਂ ਇਲਾਵਾ ਕਿਸਾਨਾਂ ਲਈ ਸਾਲ ਵਿਚ ਦੋ ਵਾਰ ਫਸਲਾਂ ਦੀ ਰਹਿੰਦ ਖੂੰਹਦ ਭਾਵ ਨਾੜ ਤੇ ਪਰਾਲੀ ਨੂੰ ਸਾੜਨਾ ਜਾਂ ਵਾਹੁਣਾ ਵੀ ਸਿਰਦਰਦ ਬਣਿਆ ਹੋਇਆ ਹੈ ।

ਸਰਕਾਰਾਂ ਅਤੇ ਬਹੁਤ ਸਾਰੀਆਂ ਸਮਾਜਕ ਜਥੇਬੰਦੀਆਂ ਵਲੋਂ ਖੇਤਾਂ ਵਿਚ ਕਣਕ ਦੀ ਨਾੜ ਨੂੰ ਸਾੜਨ ਬਾਰੇ ਅਤੇ ਇਸ ਦੇ ਵਾਤਾਵਰਣ ਤੇ ਬਹੁਤ ਸਾਰੇ ਹਾਨੀਕਾਰਕ ਪ੍ਰਭਾਵ ਬਾਰੇ ਜਿਵੇਂ ਪੌਸ਼ਟਿਕ ਤੱਤਾਂ ਦਾ ਨੁਕਸਾਨ, ਧੂੰਏ ਤੋਂ ਪ੍ਰਦੂਸ਼ਣ, ਫਲੈਟਿੰਗ ਥ੍ਰੈਡਸ ਤੋਂ ਬਿਜਲੀ ਅਤੇ ਇਲੈਕਟ੍ਰਾਨਿਕ ਸਾਜ਼ੋ-ਸਮਾਨ ਨੂੰ ਨੁਕਸਾਨ, ਨਿਯੰਤਰਣ ਤੋਂ ਬਾਹਰ ਫੈਲਣ ਵਾਲੀਆਂ ਅੱਗਾਂ ਦਾ ਜੋਖਮ ਆਦਿ ਤੋਂ ਸਮੇਂ ਸਮੇਂ ਸਿਰ ਜਾਣੂ ਕਰਵਾਇਆ ਜਾਂਦਾ ਹੈ । ਆਮ ਤੌਰ 'ਤੇ ਸਰਕਾਰਾਂ ਵੱਲੋਂ ਕਿਸਾਨਾਂ ਨੂੰ ਪਹਿਲਾਂ ਹੀ ਸੁਝਾਅ ਦੇ ਦਿੱਤਾ ਜਾਂਦਾ ਹੈ ਕਿ ਕਣਕ ਦੀ ਕਟਾਈ ਤੋਂ ਬਾਅਦ ਕਣਕ ਦੀ ਨਾੜ ਨੂੰ ਅੱਗ ਨਾ ਲਾਉਣ ਕਿਉਕਿ ਝੋਨੇ ਦੀ ਬਿਜਾਈ ਦਾ ਸਮਾਂ ਲਗਭਗ ਡੇਢ ਕੁ ਮਹੀਨਾ ਹੁੰਦਾ ਹੈ । ਇਸੇ ਦੌਰਾਨ ਉਹ ਖੇਤਾਂ ਨੂੰ ਚੰਗੀ ਤਰ੍ਹਾਂ ਵਾਹ ਕੇ ਦੋ ਤਿੰਨ ਵਾਰ ਪਾਣੀ ਲਾਉਣ ਤੇ ਫਿਰ ਖੇਤਾਂ ਨੂੰ ਵਾਹੁਣ ਅਤੇ ਸੁਹਾਗਾ ਮਾਰਨ ਅਤੇ ਫਿਰ ਪਾਣੀ ਦੇਣ । ਇਸ ਤਰ੍ਹਾਂ ਇਕ ਵਾਰ ਖੇਤ ਵਾਹੁਣ ਨਾਲ ਹੀ ਨਾੜ ਪੇਤ ਵਿਚ ਰਲ ਜਾਵੇਗੀ । ਜਦੋਂ ਝੋਨੇ ਦੀ ਫਸਲ ਲਾਉਣੀ ਹੈ ਤਾਂ ਇਹ ਖਾਦ ਉਪਜਾਊ ਫਸਲ ਪੈਦਾ ਕਰੇਗੀ । ਪਰ ਸਵਾਲ ਇੱਥੇ ਇਹ ਉੱਠਦਾ ਹੈ ਕਿ ਐਲੀ ਵਾਰੀ ਵਾਹੁਣ, ਸੁਹਾਗਾ ਮਾਰਨ ਅਤੇ ਪਾਣੀ ਛੱਡਣ ਦਾ ਖਰਚ ਕਿਸਾਨ ਉੱਪਰ ਵਾਧੂ ਭਾਰ ਹੈ । ਕਿਸਾਨ ਤਾਂ ਪਹਿਲਾਂ ਹੀ ਕਰਜ਼ਿਆਂ ਦੇ ਭਾਰ ਹੇਠ ਦੱਬੇ ਹੋਏ ਖੁਦਕਸ਼ੀਆਂ ਕਰ ਰਹੇ ਹਨ । ਇਸ ਤੋਂ ਇਲਾਵਾ ਜੇ ਕਿਸਾਨ ਮਸ਼ੀਨੀ ਕਟਾਈ ਦੀ ਥਾਂ ਕਾਮੇ ਲਾ ਕੇ ਹੱਥੀਂ ਫਸਲ ਕਟਵਾਉਂਦਾ ਹੈ ਤਾਂ ਵੀ ਕਿਸਾਨਾਂ ਉੱਤੇ ਵੱਧ ਸਮਾਂ ਲੱਗਣ ਦੇ ਨਾਲ-ਨਾਲ ਵਿੱਤੀ ਭਾਰ ਪੈਂਦਾ ਹੈ । ਜੇ ਕਿਸਾਨ ਨਾੜ ਜਾਂ ਪਰਾਲੀ ਨੂੰ ਸਾੜਦਾ ਹੈ ਤਾਂ ਉਸ ਨੂੰ ਸਰਕਾਰ ਵਲੋਂ ਜੁਰਮਾਨਾ ਵੀ ਲਗਾਇਆ ਜਾਂਦਾ ਹੈ । ਇਸ ਤਰ੍ਹਾਂ ਇਸ ਮਸਲੇ 'ਤੇ ਕਿਸਾਨ ਹੀ ਹਰ ਪਾਸਿਉਂ ਘੇਰਿਆਂ ਜਾਂਦਾ ਹੈ ।

ਕਣਕ ਦੀ ਨਾੜ ਨੂੰ ਸਾੜਨ ਨਾਲ ਖੇਤਾਂ ਵਿਚਲੇ ਜ਼ਰੂਰੀ ਤੱਤ ਨਸ਼ਟ ਹੋ ਜਾਂਦੇ ਹਨ । ਇਸ ਨਾਲ ਧਰਤੀ ਹੇਠਲੇ ਜਾਂ ਦਰਖਤਾਂ 'ਤੇ ਰਹਿਣ ਵਾਲੇ ਨਿਰਦੋਸ਼ ਜੀਵ ਅਨਿਆਈ ਮੌਤ ਮਾਰੇ ਜਾਂਦੇ ਹਨ । ਦੂਜੀ ਗੱਲ ਇਖਲਾਕੀ ਤੌਰ 'ਤੇ ਵਿਚਾਰਨਯੋਗ ਹੈ ਕਿ ਜਿਹੜੇ ਖੇਤ ਸਾਨੂੰ ਖਾਣ ਲਈ ਅੰਨ ਦਿੰਦੇ ਹਨ, ਉਨ੍ਹਾਂ ਖੇਤਾਂ ਨੂੰ ਹੀ ਸਾਡੇ ਵਲੋਂ ਅੱਗ ਦੀ ਲਪੇਟ 'ਚ ਦੇਣਾ ਇਕ ਗੈਰ-ਜ਼ਿੰਮੇਦਾਰਾਨਾ ਕੰਮ ਹੈ । ਤੀਜਾ ਵੱਡਾ ਨੁਕਸਾਨ ਪ੍ਰਕ੍ਰਿਤੀ ਨੂੰ ਨੁਕਸਾਨ ਪਹੁੰਚਦਾ ਹੈ, ਕਈ ਕਈ ਸਾਲਾਂ ਵਿਚ ਵਧੇ ਫੁੱਲੇ ਰੁੱਖ ਝੁਲਸੇ ਜਾਂਦੇ ਹਨ । ਪੰਛੀਆਂ ਦੇ ਰੈਣ ਬਸੇਰੇ ਖਤਮ ਹੋਣ ਨਾਲ ਪੰਛੀਆਂ ਅਤੇ ਜਾਨਵਰਾਂ ਦੀਆਂ ਕਈ ਜਾਤੀਆਂ ਤਾਂ ਧਰਤੀ ਤੋਂ ਅਲੋਪ ਹੋ ਰਹੀਆਂ ਹਨ ਜੋ ਬਨਸਪਤੀ ਦੇ ਖਾਤਮੇ ਪ੍ਰਤੀ ਮਨੁੱਖ ਵਲੋਂ ਸਭ ਤੋਂ ਘਾਤਕ ਅਲਾਮਤ ਹੈ । ਧੂੰਏਂ ਤੋਂ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਵੀ ਬਨਸਪਤੀ ਅਤੇ ਜੀਵਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ । ਦੂਜੇ ਪਾਸੇ ਦੇਖਿਆ ਜਾਵੇ ਤਾਂ ਕਣਕ ਦੇ ਨਾੜ ਦਾ ਨਿਪਟਾਰਾ ਕਰਨਾ ਵੀ ਅਤਿ ਜ਼ਰੂਰੀ ਹੈ ਪ੍ਰੰਤੂ ਇਸ ਲਈ ਅੱਗ ਲਗਾਉਣਾ ਹੀ ਇਕ ਸਾਧਨ ਨਹੀਂ ਹੈ । ਜਿਸ ਤਰ੍ਹਾਂ ਉੱਪਰ ਦੱਸਿਆ ਗਿਆ ਹੈ ਕਿ ਇਸ ਦੇ ਬਦਲ ਵਜੋਂ ਚਾਹੇ ਖੇਤਾਂ ਵਿਚ ਪਾਣੀ ਲਗਾ ਕੇ ਇਸ ਨੂੰ ਵਾਹ ਕੇ ਵੀ ਨਾੜ ਦਾ ਸੁਚੱਜਾ ਨਿਪਟਾਰਾ ਕੀਤਾ ਜਾ ਸਕਦਾ ਹੈ ਜਿਸ ਨਾਲ ਨਾ ਤਾਂ ਕਿਸੇ ਪ੍ਰਕਾਰ ਦਾ ਕੋਈ ਪ੍ਰਦੂਸ਼ਣ ਫੈਲੇਗਾ ਅਤੇ ਨਾ ਹੀ ਖੇਤੀ ਦੇ ਤੱਤ ਨਸ਼ਟ ਹੋਣਗੇ ਪਰ ਇਸ ਸਭ ਲਈ ਸਰਕਾਰਾਂ ਨੂੰ ਹੀ ਪਹਿਲ ਕਰਨੀ ਪਵੇਗੀ । ਇਸ ਦੇ ਨਿਪਟਾਰੇ ਲਈ ਕਿਸਾਨ ਦਾ ਸਾਥ ਦੇਣ ਲਈ ਸਰਕਾਰ ਨੂੰ ਹੀ ਵਿੱਢਣ ਵੱਢਣਾ ਪਵੇਗਾ ।

ਨਾੜ ਦਾ ਪਰਾਲੀ ਨੂੰ ਸਾੜਨ 'ਤੇ ਕਿਸਾਨਾਂ ਉੱਤੇ ਜੁਰਮਾਨੇ ਥੋਪਣ ਦੀ ਬਜਾਏ ਕਿਸਾਨਾਂ ਨੂੰ ਸਬਸਿਡੀ, ਕਿਸਾਨਾਂ ਲਈ ਇਸ ਰਹਿੰਦ ਖੂੰਹਦ ਦੀ ਸਾਂਭ ਸੰਭਾਲ ਵਾਲੀ ਮਸ਼ੀਨਰੀ ਮੁਹਈਆ ਕਰਵਾਈ ਜਾਵੇ । ਸਰਕਾਰ ਵਲੋਂ ਫਸਲੀ ਰਹਿੰਦ ਖੂੰਹਦ ਨਸ਼ਟ ਕਰਨ ਵਾਲੀਆਂ ਸੁਪਰ ਸੀਡਰ ਮਸ਼ੀਨਾਂ ਲਈ ਕਿਸਾਨਾਂ ਨੂੰ ਸਹਿਕਾਰੀ ਸਭਾਵਾਂ ਰਾਹੀਂ ਮਸ਼ੀਨਾਂ ਉਪਲਬਧ ਕਰਵਾਉਣ ਤੇ ਮਸ਼ੀਨਰੀ ਸੇਵਾ ਸੈਂਟਰਾਂ ਨੂੰ ਸਥਾਪਤ ਕਰਨਾ ਚਾਹੀਦਾ ਹੈ ਤਾਂ ਜੋ ਕਿਸਾਨ ਨਾੜ ਜਾਂ ਪਰਾਲੀ ਦੀ ਸਿਰਦਰਦੀ ਤੋਂ ਬੋਝ ਮੁਕਤ ਹੋਣ ਅਤੇ ਵਾਤਾਵਰਣ ਦੀ ਸ਼ੁਧਤਾ ਲਈ ਵੀ ਲਾਭਦਾਇਕ ਸਿੱਧ ਹੋ ਸਕੇਗਾ । ਉਂਝ ਤਾਂ ਹੁਣ ਸਰਕਾਰ ਵਲੋਂ ਇਸ ਸਬੰਧੀ ਉਚਿਤ ਕਦਮ ਉਠਾਏ ਵੀ ਜਾਂਦੇ ਹਨ । ਹਰ ਪਿੰਡ ਉੱਪਰ ਨਾੜ ਨੂੰ ਅੱਗ ਲਾਉਣ ਤੋਂ ਬਚਾਉਣ ਲਈ ਖੇਤੀਬਾੜੀ ਵਿਭਾਗ ਵਲੋਂ ਇਕ ਨਜ਼ਰਸਾਨੀ ਕਰਨ ਲਈ ਕਰਮਚਾਰੀ ਨਿਯੁਕਤ ਕੀਤਾ ਜਾਵੇ ਤਾਂ ਜੋ ਕਾਰਵਾਈ ਦੇ ਡਰ ਤੋਂ ਕਿਸਾਨ ਨਾੜ ਨੂੰ ਅੱਗ ਲਗਾਉਣੀ ਬੰਦ ਕਰਨ । ਇਸ ਤਰ੍ਹਾਂ ਕਰਨ ਨਾਲ ਪ੍ਰਕਿਰਤੀ ਅਤੇ ਬਨਸਪਤੀ ਨੂੰ ਹੋਣ ਵਾਲੇ ਨੁਕਸਾਨਾਂ ਤੋਂ ਬਚਾਇਆ ਜਾ ਸਕੇਗਾ ਅਤੇ ਨਿੱਤ ਦਿਹਾੜੇ ਗਹਿਰੇ ਧੂੰਏਂ ਕਾਰਨ ਵਾਪਰ ਰਹੀਆਂ ਦਰਦਨਾਕ ਘਟਨਾਵਾਂ ਨੂੰ ਠੱਲ੍ਹ ਪਵੇਗੀ । ਕਈ ਕਈ ਜਗ੍ਹਾ ਤੇ ਕਿਸਾਨਾਂ ਵਲੋਂ ਹੀ ਲਾਪ੍ਰਵਾਹੀ ਵਰਤੀ ਜਾਂਦੀ ਹੈ ਤੇ ਜਾਣਬੁਝ ਕੇ ਨਾੜ ਨੂੰ ਅੱਗ ਲਗਾਈ ਜਾਂਦੀ ਹੈ । ਜੇ ਕਿਤੇ ਉਨ੍ਹਾਂ ਨੂੰ ਰੋਕਣ ਲਈ ਕੋਈ ਸਰਕਾਰੀ ਕਰਮਚਾਰੀ ਆਉਂਦਾ ਹੈ ਤਾਂ ਉਸ ਨਾਲ ਬਦਸਲੂਕੀ ਕੀਤੀ ਜਾਂਦੀ ਹੈ ਜੋ ਸਰਾਸਰ ਗਲਤ ਗੱਲ ਹੈ । ਅੱਜ ਦਾ ਕਿਸਾਨ ਪੜ੍ਹਿਆ ਲਿਖਿਆ ਹੈ । ਉਸ ਨੂੰ ਅਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ । ਕਈ ਕਿਸਾਨਾਂ ਨੇ ਨਾੜ ਜਾਂ ਪਰਾਲੀ ਨੂੰ ਅੱਗ ਨਾ ਲਗਾ ਕੇ ਮਿਸਾਲ ਵੀ ਕਾਇਮ ਕੀਤੀ ਹੈ । ਪਰ ਸਰਕਾਰ ਵਲੋਂ ਵੀ ਛੋਟੇ ਕਿਸਾਨਾਂ ਦੀ ਆਰਥਕ ਮਦਦ ਕਰ ਕੇ ਅਤੇ ਯੋਗ ਮਸ਼ੀਨਰੀ ਮੁਹਈਆ ਕਰਵਾ ਕੇ ਇਸ ਕੰਮ ਵਿਚ ਪਹਿਲ ਕਰਨੀ ਚਾਹੀਦੀ ਹੈ । ਛੋਟਾ ਕਿਸਾਨ ਪੱਕੀਆਂ ਫਸਲਾਂ ਤੇ ਕੁਦਰਤ ਦੀ ਮਾਰ ਦਾ ਪਹਿਲਾਂ ਹੀ ਪ੍ਰਕੋਪ ਝੱਲ ਰਿਹਾ ਹੁੰਦਾ ਜਿਸ ਕਰ ਕੇ ਉਹ ਇਹ ਫਾਲਤੂ ਦਾ ਖਰਚਾ ਝੱਲਣ ਦੇ ਸਮਰੱਥ ਨਹੀਂ ਹੁੰਦਾ । ਨਾੜ ਜਾਂ ਪਰਾਲੀ ਨੂੰ ਸਾੜਨ ਤੋਂ ਰੋਕਣਾ ਸਰਕਾਰ ਅਤੇ ਕਿਸਾਨਾਂ ਦੀ ਸਾਂਝੀ ਜ਼ਿੰਮੇਵਾਰੀ ਹੈ ਤੇ ਇਹ ਸਭ ਇਕ ਦੂਜੇ ਦੇ ਸਹਿਯੋਗ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ ।

ਝੋਨਾ-ਕਣਕ ਪੰਜਾਬ ਦਾ ਮੁੱਖ ਫਸਲੀ ਚੱਕਰ ਹੈ। ਪੰਜਾਬ ਵਿਚ ਕਿਸਾਨਾਂ ਨੂੰ ਝੋਨੇ ਦੀ ਕਾਸ਼ਤ ਲਈ ਮਜ਼ਦੂਰਾਂ 'ਤੇ ਨਿਰਭਰ ਰਹਿਣਾ ਪੈਂਦਾ ਹੈ। ਖੇਤ ਨੂੰ ਕੱਦੂ ਕਰਨ ਤੋਂ ਬਾਅਦ ਮਜ਼ਦੂਰਾਂ ਵੱਲੋਂ ਪਨੀਰੀ ਨੂੰ ਪੁੱਟ ਕੇ ਕੱਦੂ ਕੀਤੇ ਖੇਤ ਵਿਚ ਲਗਾਇਆ ਜਾਂਦਾ ਹੈ। ਇਸ ਤਰ੍ਹਾਂ ਕੱਦੂ ਕਰਨ ਨਾਲ ਪਾਣੀ ਦੀ ਕਾਫੀ ਖਪਤ ਹੁੰਦੀ ਹੈ ਅਤੇ ਮਜ਼ਦੂਰ ਸਮੇਂ ਸਿਰ ਨਾ ਮਿਲਣ ਤੇ ਕਾਫੀ ਖੱਜਲ-ਖੁਆਰੀ ਹੁੰਦੀ ਹੈ। ਮਜ਼ਦੂਰਾਂ ਦੀ ਉਪਲੱਬਧਤਾ ਘਟਣ ਕਰਕੇ ਮਜ਼ਦੂਰੀ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ।



# 'ਝੋਨੇ ਦੀ ਸਿੱਧੀ ਬਿਜਾਈ' ਨਾਲ ਹੋਵੇ ਵੱਧ ਕਮਾਈ

ਜਗਜੋਤ ਸਿੰਘ ਗਿੱਲ

ਬਿਨਾਂ ਖੱਜਲ-ਖੁਆਰੀ ਦੇ ਝੋਨੇ ਦੀ ਕਾਸ਼ਤ ਸਿੱਧੀ ਬਿਜਾਈ ਰਾਹੀਂ ਕੀਤੀ ਜਾ ਸਕਦੀ ਹੈ, ਜਿਸ ਨਾਲ ਝੋਨੇ ਦੀ ਬਿਜਾਈ ਸਮੇਂ ਸਿਰ ਹੋ ਜਾਂਦੀ ਹੈ, ਪੈਸੇ ਅਤੇ ਪਾਣੀ ਦੀ ਵੀ ਬੱਚਤ ਹੁੰਦੀ ਹੈ। ਝੋਨੇ ਦੀ ਸਿੱਧੀ ਬਿਜਾਈ ਲਈ ਖੇਤੀ ਮਾਹਿਰਾਂ ਦੀ ਸਲਾਹ ਬਹੁਤ ਜ਼ਰੂਰੀ ਹੈ। ਝੋਨੇ ਦੀ ਸਿੱਧੀ ਬਿਜਾਈ ਹੇਠ ਲਿਖੀਆਂ ਸੁਧਰੀਆਂ ਕਾਸ਼ਤ ਤਕਨੀਕਾਂ ਨਾਲ ਕੀਤੀ ਜਾ ਸਕਦੀ ਹੈ।

**ਢੁੱਕਵੀਆਂ ਕਿਸਮਾਂ** : ਘੱਟ ਅਤੇ ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ ਠੀਕ ਹਨ।

**ਢੁੱਕਵੀ ਜ਼ਮੀਨ** : ਝੋਨੇ ਦੀ ਸਿੱਧੀ ਬਿਜਾਈ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਹੀ ਕਰਨੀ ਚਾਹੀਦੀ ਹੈ। ਹਲਕੀਆਂ ਜ਼ਮੀਨਾਂ ਵਿਚ ਝੋਨੇ ਦੀ ਸਿੱਧੀ ਬਿਜਾਈ ਨਹੀਂ ਕਰਨੀ ਚਾਹੀਦੀ, ਕਿਉਂਕਿ ਲੋਹੇ ਦੀ ਘਾਟ ਆਉਣ ਨਾਲ ਝਾੜ 'ਤੇ ਮਾੜਾ ਅਸਰ ਪੈਂਦਾ ਹੈ।

**ਬਿਜਾਈ ਦਾ ਸਮਾਂ** : ਝੋਨੇ ਦੀ ਸਿੱਧੀ ਬਿਜਾਈ ਜੂਨ ਮਹੀਨੇ ਦੇ ਪਹਿਲੇ ਪੰਦਰ੍ਹਵਾੜੇ ਵਿਚ ਕਰਨੀ ਚਾਹੀਦੀ ਹੈ। ਅਗੇਤੀ ਬਿਜਾਈ ਕਰਨ ਨਾਲ ਝਾੜ ਤੇ ਮਾੜਾ ਅਸਰ ਪੈਂਦਾ ਹੈ।

**ਖੇਤ ਦੀ ਤਿਆਰੀ** : ਖੇਤ ਨੂੰ ਦੋ ਵਾਰ ਤਵੀਆਂ ਮਾਰਨ ਤੋਂ ਬਾਅਦ ਇਕ ਵਾਰ ਹਲਾਂ ਨਾਲ ਵਾਹੋ ਅਤੇ ਬਾਅਦ ਵਿਚ ਸੁਹਾਗਾ ਫੇਰਨਾ ਚਾਹੀਦਾ ਹੈ। ਇਸ ਤੋਂ ਬਾਅਦ ਖੇਤ ਨੂੰ ਲੇਜ਼ਰ ਕਰਾਹੇ ਨਾਲ ਪੱਧਰਾ ਕਰੋ। ਲੇਜ਼ਰ ਕਰਾਹੇ ਨਾਲ ਖੇਤ ਪੱਧਰਾ ਕਰਨ ਨਾਲ ਪਾਣੀ ਇਕਸਾਰ ਲੱਗਦਾ ਹੈ, ਜਿਸ ਨਾਲ ਪਾਣੀ ਦੀ ਬੱਚਤ ਦੇ ਨਾਲ ਫਸਲ ਦਾ ਪੁੰਗਾਰਾ ਵਧੀਆ ਹੁੰਦਾ ਹੈ।

**ਬੀਜ ਦੀ ਮਾਤਰਾ** : ਇਕ ਏਕੜ ਦੀ ਬਿਜਾਈ ਲਈ 8-10 ਕਿਲੋਗ੍ਰਾਮ ਬੀਜ ਦੀ ਵਰਤੋਂ ਕਰੋ।

**ਬੀਜ ਦੀ ਸੋਧ** : ਬੀਜ ਨੂੰ 12 ਘੰਟੇ 2% ਪੋਟਾਸ਼ੀਅਮ ਨਾਈਟ੍ਰੇਟ ਦੇ ਘੋਲ (10 ਲਿਟਰ ਪਾਣੀ ਵਿਚ 200 ਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ) ਵਿਚ ਭਿਉਂ ਕੇ ਰੱਖਣ ਤੋਂ ਬਾਅਦ ਛਾਵੇਂ ਸੁਕਾ ਕੇ, 3 ਗ੍ਰਾਮ ਸਪਰਿੰਟ 75 ਡਬਲਿਊ ਐੱਸ (ਮੈਨਕੋਜ਼ੇਬ+ਕਾਰਬੈਂਡਾਜ਼ਿਮ) ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲੈਣਾ ਚਾਹੀਦਾ ਹੈ।

**ਬਿਜਾਈ ਦਾ ਢੰਗ** : ਝੋਨੇ ਦੀ ਸਿੱਧੀ ਬਿਜਾਈ ਤਰ-ਵੱਤਰ ਖੇਤ ਵਿਚ ਡਰਿੱਲ ਨਾਲ, ਤਰ-ਵੱਤਰ ਖੇਤ ਵਿਚ ਬੈੱਡਾਂ ਉੱਪਰ ਅਤੇ ਸੁੱਕੇ ਖੇਤ ਵਿਚ ਡਰਿੱਲ ਨਾਲ ਕੀਤੀ ਜਾ ਸਕਦੀ ਹੈ। ਤਰ-ਵੱਤਰ ਵਿਚ ਝੋਨੇ ਦੀ ਸਿੱਧੀ ਬਿਜਾਈ ਲਈ ਖੇਤ ਨੂੰ ਲੇਜ਼ਰ ਕਰਾਹੇ ਨਾਲ ਪੱਧਰਾ ਕਰਨ ਤੋਂ ਬਾਅਦ ਕਿਆਰੇ ਪਾ ਰੌਣੀ ਕਰ ਦੇਣੀ ਚਾਹੀਦੀ ਹੈ। ਖੇਤ ਦੇ ਤਰ-ਵੱਤਰ ਹਾਲਤ ਵਿਚ ਆ ਜਾਣ ਤੋਂ ਬਾਅਦ ਕਿਆਰੇ ਪਾ ਕੇ ਰੌਣੀ ਕਰ ਦੇਣੀ ਚਾਹੀਦੀ ਹੈ। ਖੇਤ ਦੇ ਤਰ-ਵੱਤਰ ਹਾਲਤ ਵਿਚ ਆ ਜਾਣ ਤੋਂ ਬਾਅਦ ਖੇਤ ਨੂੰ ਹੋਛਾ ਵਾਹੁਣਾ ਚਾਹੀਦਾ ਹੈ। ਵਾਹੁਣ ਮਗਰੋਂ ਸੁਹਾਗੇ ਉੱਪਰ 3 ਮਿੱਟੀ ਦੀਆਂ ਬੋਰੀਆਂ ਰੱਖ ਕੇ 2-3 ਵਾਰ ਸੁਹਾਗਾ ਮਾਰੋ। ਸੁਹਾਗਾ ਮਾਰਨ ਤੋਂ ਤੁਰੰਤ ਬਾਅਦ ਡਰਿੱਲ ਨਾਲ 20 ਸੈਂਟੀਮੀਟਰ ਦੂਰ ਕਤਾਰਾਂ ਵਿਚ 3-4 ਸੈਂਟੀਮੀਟਰ ਡੂੰਘੀ ਬਿਜਾਈ ਕਰੋ।

ਝੋਨੇ ਦੀ ਸਿੱਧੀ ਬਿਜਾਈ ਖੇਤ ਦੀ ਤਿਆਰੀ ਅਤੇ ਬਿਜਾਈ ਦੁਪਹਿਰ ਸਮੇਂ ਨਾ ਕਰੋ। ਸਿੱਧੀ ਬਿਜਾਈ ਲਈ ਲੱਕੀ ਸੀਡ ਡਰਿੱਲ ਦੀ ਵਰਤੋਂ ਕਰੋ, ਜੋ ਬਿਜਾਈ ਦੇ ਨਾਲ-ਨਾਲ ਨਦੀਨਨਾਸ਼ਕ ਦਾ ਛਿੜਕਾਅ ਵੀ ਕਰਦੀ ਹੈ। ਇਸ ਡਰਿੱਲ ਨਾਲ ਖੇਤ ਵਿਚ ਨਮੀਂ ਜ਼ਿਆਦਾ ਸਮੇਂ ਤੱਕ ਬਰਕਰਾਰ ਰਹਿਣ ਕਰਕੇ ਨਦੀਨਾਂ ਦੀ ਰੋਕਥਾਮ ਵੀ ਜ਼ਿਆਦਾ ਚੰਗੀ ਤਰ੍ਹਾਂ ਹੁੰਦੀ ਹੈ। ਜੇਕਰ ਝੋਨੇ ਦੀ ਸਿੱਧੀ ਬਿਜਾਈ ਟੇਢੀਆਂ ਪਲੇਟਾਂ ਵਾਲੀ ਟਰੈਕਟਰ ਡਰਿੱਲ ਨਾਲ ਕੀਤੀ ਗਈ ਹੋਵੇ ਤਾਂ ਬਿਜਾਈ ਤੋਂ ਤੁਰੰਤ ਬਾਅਦ ਨਦੀਨਨਾਸ਼ਕ ਦਾ ਛਿੜਕਾਅ ਕਰਨਾ ਚਾਹੀਦਾ ਹੈ।

**ਨਦੀਨਾਂ ਦੀ ਰੋਕਥਾਮ** : ਸਿੱਧੇ ਬੀਜੇ ਝੋਨੇ ਵਿਚ ਨਦੀਨਾਂ ਦੀ ਰੋਕਥਾਮ ਲਈ ਸਭ ਤੋਂ ਪਹਿਲਾਂ ਸਿੱਧੀ-ਸਿੱਧੀ ਇਹ ਪਛਾਣ ਹੋਣੀ ਚਾਹੀਦੀ ਹੈ ਕਿ ਨਦੀਨ ਘਾਹ ਰੂਪੀ ਹੈ ਜਾਂ ਚੌੜੀ ਪੱਤੀ ਵਾਲਾ। ਘਾਹ ਰੂਪੀ ਨਦੀਨਾਂ ਅਤੇ ਚੌੜੀ ਪੱਤੀ ਵਾਲੇ ਨਦੀਨਾਂ ਦੀ ਰੋਕਥਾਮ ਲਈ ਵੱਖ-ਵੱਖ ਨਦੀਨਨਾਸ਼ਕ ਹਨ। ਸਿੱਧੇ ਬੀਜੇ ਝੋਨੇ ਵਿਚ ਸਵਾਂਕ, ਝੋਨੇ ਦੇ ਮੋਥੇ, ਗੰਢੀ ਵਾਲਾ ਮੋਥਾ, ਗੁੜਤ ਮਧਾਣਾ, ਲੈਪਟੋਕਲੋਆ ਘਾਹ, ਚਿੜੀ ਘਾਹ, ਤੱਕੜੀ ਘਾਹ ਅਤੇ ਚੌੜੀ ਪੱਤੀ ਵਾਲੇ ਨਦੀਨ ਜਿਵੇਂ ਇੱਟਸਿੱਟ ਆਦਿ ਨਦੀਨ ਹੋ ਸਕਦੇ ਹਨ। ਇਸ ਲਈ ਨਦੀਨ ਨਾਸ਼ਕ ਦੀ ਚੋਣ ਕਰਨ ਦੀ ਲੋੜ ਹੈ।

**ਖਾਦਾਂ ਦੀ ਵਰਤੋਂ** : ਸਿੱਧੇ ਬੀਜੇ ਝੋਨੇ ਵਿਚ 130 ਕਿਲੋ ਯੂਰੀਆ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ। ਯੂਰੀਆਂ ਨੂੰ ਤਿੰਨ ਬਰਾਬਰ ਹਿੱਸਿਆਂ ਵਿਚ ਵੰਡ ਕੇ ਬਿਜਾਈ ਤੋਂ 4,6 ਅਤੇ 9 ਹਫਤਿਆਂ ਬਾਅਦ ਪਾਓ।

**ਸਿੰਚਾਈ** : ਤਰ-ਵੱਤਰ ਖੇਤ ਵਿਚ ਬੀਜੇ ਝੋਨੇ ਨੂੰ ਪਹਿਲਾਂ ਪਾਣੀ ਬਿਜਾਈ ਤੋਂ ਤਕਰੀਬਨ 21 ਦਿਨਾਂ ਬਾਅਦ ਅਤੇ ਅਗਲੇ ਪਾਣੀ ਜ਼ਮੀਨ ਦੀ ਕਿਸਮ ਅਨੁਸਾਰ 5-7 ਦਿਨਾਂ ਦੇ ਵਕਫੇ 'ਤੇ ਲਾਓ। ਸੁੱਕੇ ਖੇਤ ਵਿਚ ਝੋਨੇ ਦੀ ਸਿੱਧੀ ਬਿਜਾਈ ਦੇ ਤੁਰੰਤ ਬਾਅਦ ਪਾਣੀ ਲਾਓ।

**ਕਟਾਈ ਅਤੇ ਝੜਾਈ** : ਪਰਾਲੀ ਦਾ ਰੰਗ ਪੀਲਾ ਹੋਣ ਅਤੇ ਮੁੰਜਰਾਂ ਦੇ ਪੱਕ ਜਾਣ 'ਤੇ ਝੋਨੇ ਦੀ ਕਟਾਈ ਲਈ ਪੀ.ਏ.ਯੂ. ਸੁਪਰ ਐਸ ਐਮ ਐਸ (ਸੁਪਰ ਸਟਰਾਅ ਮੈਨੇਜਮੈਂਟ ਸਿਸਟਮ) ਸਿਸਟਮ ਵਾਲੀ ਕੰਬਾਇਨ ਨੂੰ ਤਰਜੀਹ ਦਿਓ।

# ਕਿਸਾਨਾਂ ਨੇ ਪਿਛਲੇ ਸਾਲ ਨਾਲੋਂ ਇਸ ਵਾਰ ਵੱਧ ਲਾਈ ਨਾੜ ਨੂੰ ਅੱਗ

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀ ਜਾਗਰੂਕਤਾ ਮੁਹਿੰਮ ਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਸਖਤੀ ਦੇ ਬਾਵਜੂਦ ਸੂਬੇ 'ਚ ਕਿਸਾਨਾਂ ਵੱਲੋਂ ਕਣਕ ਦੇ ਨਾੜ ਨੂੰ ਖੇਤਾਂ 'ਚ ਅੱਗ ਲਾਉਣ ਦਾ ਸਿਲਸਿਲਾ ਜਾਰੀ ਹੈ। ਪ੍ਰਦੂਸ਼ਣ ਵਿਭਾਗ ਵਲੋਂ ਸੈਟੇਲਾਈਟ ਰਾਹੀਂ ਇਕੱਤਰ ਕੀਤੇ ਗਏ ਅੰਕੜਿਆਂ ਮੁਤਾਬਕ 1 ਅਪ੍ਰੈਲ ਨੂੰ ਸ਼ੁਰੂ ਹੋਏ ਕਣਕ ਦੀ ਵਾਢੀ ਦੀ ਸੀਜ਼ਨ ਤੋਂ ਲੈ ਕੇ 21 ਮਈ ਤੱਕ ਪੰਜਾਬ 'ਚ ਖੇਤਾਂ 'ਚ ਕਣਕ ਦੇ ਨਾੜ ਨੂੰ ਅੱਗ ਲਾਉਣ ਦੇ 11161 ਮਾਮਲੇ ਆ ਚੁੱਕੇ ਹਨ। ਇਹ ਅੰਕੜਾ 2022 ਦੇ 14421 ਮਾਮਲਿਆਂ ਨਾਲੋਂ ਘੱਟ ਹੈ ਜਦੋਂਕਿ ਸਾਲ 2023 ਦੌਰਾਨ 11124 ਘਟਨਾਵਾਂ ਦੇ ਮੁਕਾਬਲੇ ਖੇਤਾਂ 'ਚ ਨਾੜ ਸਾੜਨ ਦੇ ਮਾਮਲਿਆਂ 'ਚ ਵਾਧਾ ਦਰਜ ਕੀਤਾ ਗਿਆ ਹੈ।



ਜੇ ਵੱਖ-ਵੱਖ ਜ਼ਿਲ੍ਹਿਆਂ ਦੀ ਗੱਲ ਕੀਤੀ ਜਾਵੇ ਤਾਂ ਇਸ ਵਾਰ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ 'ਚ ਕਿਸਾਨਾਂ ਵੱਲੋਂ ਸਭ ਤੋਂ ਵੱਧ ਨਾੜ ਨੂੰ ਅੱਗ ਲਾਈ ਗਈ ਹੈ ਤੇ ਉੱਥੇ ਹੁਣ 1298 ਮਾਮਲੇ ਸਾਹਮਣੇ ਆ ਚੁੱਕੇ ਹਨ ਜਦੋਂ ਕਿ ਪਿਛਲੇ ਸਾਲ ਮੋਗਾ ਜ਼ਿਲ੍ਹੇ 'ਚ ਵੱਧ ਅੱਗ ਲਾਈ ਗਈ ਸੀ। ਉੱਥੇ 21 ਮਈ ਤੱਕ 1008 ਮਾਮਲੇ ਸਾਹਮਣੇ ਆਏ ਸਨ। ਇਸ ਸਾਲ ਕਣਕ ਦਾ ਨਾੜ ਖੇਤਾਂ 'ਚ ਸੜੇ ਜਾਣ ਦੇ ਵੱਧ ਮਾਮਲੇ ਸਾਹਮਣੇ ਆਉਣ ਦਾ ਕਾਰਨ ਲੋਕ ਸਭਾ ਚੋਣਾਂ ਵੀ ਮੰਨਿਆ ਜਾ ਰਿਹਾ ਹੈ ਕਿਉਂਕਿ ਸਬੰਧਤ ਵਿਭਾਗਾਂ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਚੋਣ ਡਿਊਟੀਆਂ 'ਚ ਰੁੱਝੇ ਹੋਏ ਹਨ। ਇਸ ਕਰ ਕੇ ਉਹ ਇਸ ਪਾਸੇ ਵਧੇਰੇ ਧਿਆਨ ਨਹੀਂ ਦੇ ਪਾ ਰਹੇ ਹਨ।

ਇਸ ਸਬੰਧੀ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਡਾਇਰੈਕਟਰ ਡਾ. ਜਸਵਿੰਦਰ ਸਿੰਘ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਨਾੜ ਖੇਤਾਂ 'ਚ ਨਾ ਸਾੜਨ ਲਈ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਲਈ ਜ਼ਿਲ੍ਹਾ ਪੱਧਰ 'ਤੇ ਟੀਮਾਂ ਵੱਲੋਂ ਕਿਸਾਨ ਜਾਗਰੂਕਤਾ ਕੈਂਪ ਲਾਏ ਜਾ ਰਹੇ ਹਨ। ਕੈਂਪਾਂ ਰਾਹੀਂ ਮਾਹਰ ਨਾੜ ਦੀ ਅੱਗ ਨਾਲ ਵਾਤਾਵਰਨ, ਜ਼ਮੀਨ ਤੇ ਲੋਕਾਂ ਨੂੰ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ।

**ਅੱਗ ਦੀਆਂ ਘਟਨਾਵਾਂ ਬਾਰੇ ਹਰ ਜ਼ਿਲ੍ਹੇ ਦੇ ਪ੍ਰਸ਼ਾਸਨ ਨੂੰ ਭੇਜਿਆ ਜਾਂਦਾ ਹੈ ਡਾਟਾ** : ਖੇਤਾਂ 'ਚ ਕਿਸਾਨਾਂ ਵੱਲੋਂ ਨਾੜ ਨੂੰ ਲਾਈ ਜਾ ਰਹੀ ਅੱਗ ਬਾਰੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਜਲੰਧਰ ਖੇਤਰੀ ਦਫਤਰ ਦੇ ਚੀਫ ਇੰਜੀਨੀਅਰ ਡਾ. ਕਰੁਨੇਸ਼ ਗਰਗ ਦਾ ਕਹਿਣਾ ਹੈ ਕਿ ਨਾੜ ਦੀਆਂ ਅੱਗ ਦੀਆਂ ਘਟਨਾਵਾਂ ਸੈਟੇਲਾਈਟ ਰਾਹੀਂ ਪ੍ਰਾਪਤ ਹੋਇਆ ਡਾਟਾ ਰੋਜ਼ਾਨਾ ਹਰ ਜ਼ਿਲ੍ਹੇ ਦੇ ਪ੍ਰਸ਼ਾਸਨ ਨੂੰ ਭੇਜਿਆ ਜਾਂਦਾ ਹੈ। ਅੱਗ ਵਾਲਾ ਘਟਨਾ ਦੀ ਜਾਂਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਈ ਜਾਂਦੀ ਹੈ ਅਤੇ ਉਸ ਦੀ ਐਕਸ਼ਨ ਟੇਕਨ ਰਿਪੋਰਟ ਪ੍ਰਦੂਸ਼ਣ ਵਿਭਾਗ ਨੂੰ ਭੇਜੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਲੋਕ ਚੋਣਾਂ ਹੋਣ ਕਾਰਨ ਏਟੀਆਰ ਹੋਲੀ ਰਫਤਾਰ ਨਾਲ ਮਿਲ ਰਹੀ ਹੈ ਕਿਉਂਕਿ ਸਾਰੇ ਅਧਿਕਾਰੀ ਚੋਣ ਡਿਊਟੀਆਂ 'ਚ ਲੱਗੇ ਹੋਏ ਹਨ।

**ਪਿਛਲੇ ਤਿੰਨ ਸਾਲਾਂ 'ਚ ਨਾੜ ਨੂੰ ਅੱਗ ਲਾਏ ਜਾਣ ਦੀ 21 ਮਈ ਤੱਕ ਦੀ ਜ਼ਿਲ੍ਹਾਵਾਰ ਰਿਪੋਰਟ**

| ਜ਼ਿਲ੍ਹਾ | 2022 | 2023 | 2024 |
|---|---|---|---|
| ਅੰਮ੍ਰਿਤਸਰ | 1234 | 859 | 974 |
| ਬਰਨਾਲਾ | 472 | 542 | 318 |
| ਬਠਿੰਡਾ | 829 | 581 | 621 |
| ਫਤਹਿਗੜ੍ਹ ਸਾਹਿਬ | 72 | 133 | 153 |
| ਫਰੀਦਕੋਟ | 524 | 460 | 306 |
| ਫਾਜ਼ਿਲਕਾ | 526 | 435 | 436 |
| ਫਿਰੋਜ਼ਪੁਰ | 1422 | 841 | 891 |
| ਗੁਰਦਾਸਪੁਰ | 1122 | 944 | 1298 |
| ਹੁਸ਼ਿਆਰਪੁਰ | 479 | 402 | 477 |
| ਜਲੰਧਰ | 822 | 599 | 371 |
| ਕਪੂਰਥਲਾ | 724 | 484 | 463 |
| ਲੁਧਿਆਣਾ | 944 | 857 | 754 |
| ਮਾਨਸਾ | 412 | 331 | 307 |
| ਮੋਗਾ | 1096 | 1008 | 739 |
| ਮੁਕਤਸਰ | 725 | 587 | 484 |
| ਐਸ ਬੀ ਐਸ ਨਗਰ | 217 | 160 | 199 |
| ਪਠਾਨਕੋਟ | 166 | 91 | 132 |
| ਪਟਿਆਲਾ | 453 | 414 | 484 |
| ਰੂਪਨਗਰ | 074 | 032 | 056 |
| ਐਸ ਏ ਐਸ ਨਗਰ | 031 | 020 | 058 |
| ਸੰਗਰੂਰ | 784 | 636 | 561 |
| ਤਰਨਤਾਰਨ | 1066 | 574 | 955 |
| ਮਾਲੇਰਕੋਟਲਾ | 227 | 174 | 124 |
| ਕੁੱਲ | 14421 | 11124 | 11161 |

ਬਾਕੀ ਸਫਾ 7 ਦੀ

# ਜੂਨ ਮਹੀਨੇ ਦੇ ਖੇਤੀ ਰੁਝੇਵੇਂ

ਵੇਲੇ ਪਾਉ । ਜੇਕਰ ਦੇਸੀ ਰੂੜੀ 6 ਟਨ ਪ੍ਰਤੀ ਏਕੜ ਦੇ ਹਿਸਾਬ ਹਰ ਸਾਲ ਪਾਈ ਹੈ ਤਾਂ ਬਿਜਾਈ ਸਮੇਂ ਹੋਰ ਕੋਈ ਪਾਉਣ ਦੀ ਲੋੜ ਨਹੀਂ । ਹਰੀ ਖਾਦ ਅਤੇ ਦੇਸੀ ਰੂੜੀ ਮੱਕੀ ਦੀ ਫਸਲ ਲਈ ਬਹੁਤ ਵਧੀਆ ਰਹਿੰਦੀ ਹੈ । ਮੱਕੀ ਵਿੱਚ ਲੋੜ ਅਨੁਸਾਰ ਯੂਰੀਆ ਵਰਤਣ ਲਈ ਪੀ ਏ ਯੂ-ਪੱਤਾ ਰੰਗ ਚਾਰਟ ਦੀ ਵਰਤੋਂ ਕੀਤੀ ਜਾ ਸਕਦੀ ਹੈ । ਮੱਕੀ ਦਾ ਗੜੂੰਆਂ ਬੂਟੇ ਦੇ ਗੋਭ ਵਿਚਲੇ ਵਧਣ ਵਾਲੇ ਹਿੱਸੇ ਨੂੰ ਖਾ ਜਾਂਦਾ ਹੈ ਅਤੇ ਬੂਟਾ ਮਰ ਜਾਂਦਾ ਹੈ । ਇਸ ਦੀ ਰੋਕਥਾਮ ਲਈ 30 ਮਿਲੀਲਿਟਰ ਕੋਰਾਜ਼ਨ 18.5 ਐਸ ਸੀ ਨੂੰ 60 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ । ਜਦੋਂ ਫਸਲ 2-3 ਹਫਤੇ ਦੀ ਹੋ ਜਾਵੇ ਤਾਂ ਛਿੜਕਾਅ ਸ਼ੁਰੂ ਕਰ ਦਿਉ । ਇਸ ਸੁੰਡੀ ਦੀ ਰੋਕਥਾਮ ਪ੍ਰਜੀਵ ਕੀੜਾ ਟਰਾਈਕੋਗ੍ਰਾਮਾ ਦੁਆਰਾ ਵੀ ਕੀਤੀ ਜਾ ਸਕਦੀ ਹੈ ।



ਫਾਲ ਆਰਮੀਵਰਮ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਦੀਆਂ ਹਨ । ਵੱਡੀਆਂ ਸੁੰਡੀਆਂ ਗੋਭ ਨੂੰ ਲਗਭਗ ਪੂਰੀ ਤਰ੍ਹਾਂ ਖਾ ਕੇ ਭਾਰੀ ਮਾਤਰਾ ਵਿਚ ਵਿੱਠਾਂ ਕਰਦੀਆਂ ਹਨ । ਇਸ ਸੁੰਡੀ ਦੀ ਪਛਾਣ ਇਸ ਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ 'ਵੀ' ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰੇ ਦੇ ਲਾਗੇ ਚੌਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ । ਇਸ ਕੀੜੇ ਦੇ ਵਾਧੇ ਅਤੇ ਫਲਾਅ ਨੂੰ ਸੀਮਿਤ ਕਰਨ ਲਈ ਮੱਕੀ ਦੀ ਬਿਜਾਈ ਨਾਲ ਲਗਦੇ ਖੇਤਾਂ ਵਿਚ ਥੋੜ੍ਹੇ ਥੋੜ੍ਹੇ ਵਕਫੇ ਤੇ ਨਾ ਕਰੋ । ਇਸ ਕੀੜੇ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜ਼ਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਇਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ । ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ । ਜੇ ਹਮਲਾ ਬੋੜੀਆਂ ਵਿਚ ਹੋਵੇ ਜਾਂ ਫਸਲ 40 ਦਿਨਾਂ ਤੋਂ ਵੱਡੀ ਹੋਵੇ ਤਾਂ ਛਿੜਕਾਅ ਵਿਚ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾ ਕੇ ਫਾਲ ਆਰਮੀਵਰਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਕੋਰਾਜ਼ਨ 18.5 ਐਸ ਸੀ ਜਾਂ ਡੈਲੀਗੇਟ 11.7 ਐਸ ਸੀ ਜਾਂ ਮਿਜ਼ਾਈਲ 5 ਐਸ ਜੀ ਜਾਂ 25 ਗ੍ਰਾਮ ਡੇਲਫਿਨ ਡਬਲਯੂ ਜੀ ਜਾਂ 25 ਮਿਲੀਲਿਟਰ ਡਾਈਪਲ 8 ਐਲ ਨੂੰ 10 ਮਿਲੀਲਿਟਰ ਪਾਣੀ ਵਿਚ ਘੋਲ ਕੇ ਇਕ ਕਿਲੋ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾਓ ।

**ਮੂੰਗਫਲੀ** : ਬਰਾਨੀ ਹਾਲਤਾਂ ਵਿੱਚ ਮੂੰਗਫਲੀ ਦੀ ਬਿਜਾਈ ਜੂਨ ਦੇ ਅਖੀਰਲੇ ਹਫਤੇ ਤੋਂ ਬਾਰਿਸ਼ ਪੈਣ ਤੇ ਕਰੋ । ਬੀਜਣ ਤੋਂ ਪਹਿਲਾਂ ਖੇਤ ਨੂੰ ਪਾਣੀ ਦਿਉ । ਵਧੀਆ ਝਾੜ ਲੈਣ ਲਈ ਮੋਟਾ ਬੀਜ ਵਰਤੋ । ਗਿੱਚੀ ਦੇ ਗਾਲੇ ਦੀ ਰੋਕਥਾਮ ਲਈ ਬੀਜ ਨੂੰ 2 ਮਿਲੀਲਿਟਰ ਨਿਉਨਿਕਸ 20 ਐਫ ਐਸ (ਇਮਿਡਾਕਲੋਪਰਿਡ 18.5%+ਹੈਕਸਾਕੋਨਜ਼ੋਲ 1.5%) ਜਾਂ 1.5 ਗਾਮ ਸੀਡੈਕਸ ਜਾਂ 5 ਗ੍ਰਾਮ ਥੀਰਮ ਜਾਂ 3 ਗ੍ਰਾਮ ਇੰਡੋਫਿਲ ਐਮ-45 ਪ੍ਰਤੀ ਕਿਲੋਗ੍ਰਾਮ ਗਿਰੀਆਂ ਦੇ ਹਿਸਾਬ ਸੋਧ ਲਉ । ਨਿਉਨਿਕਸ ਨਾਲ ਬੀਜ ਦੀ ਸੋਧ ਕਰਨ ਤੇ ਚਿੱਟੇ ਸੁੰਡੇ ਅਤੇ ਸਿਉਂਕ ਦੀ ਰੋਕਥਾਮ ਵੀ ਹੋ ਜਾਂਦੀ ਹੈ । 38 ਕਿਲੋ ਗਿਰੀਆਂ ਐਮ-522 ਅਤੇ ਐਸ ਜੀ 84 ਲਈ ਅਤੇ 40 ਕਿਲੋ ਐਸ ਜੀ 99 ਲਈ ਵਰਤੋ ।

ਬਿਜਾਈ ਸਮੇਂ 50 ਕਿਲੋ ਸਿੰਗਲ ਸੁਪਰਫਾਸਫੇਟ, 50 ਕਿਲੋ ਜਿਪਸਮ ਅਤੇ 13 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾ ਦਿਉ ।

**ਸਾਉਣੀ ਦੀਆਂ ਦਾਲਾਂ** : ਮਾਂਹ ਦੀ ਬਿਜਾਈ ਜੂਨ ਦੇ ਅਖੀਰਲੇ ਹਫਤੇ ਖਾਸ ਕਰਕੇ ਹਲਕੀਆਂ ਜ਼ਮੀਨਾਂ ਤੇ 6-8 ਕਿਲੋ ਬੀਜ ਪ੍ਰਤੀ ਏਕੜ ਵਰਤ ਕੇ ਕਰਨੀ ਚਾਹੀਦੀ ਹੈ । ਮਾਂਹ ਨੂੰ 11 ਕਿਲੋ ਯੂਰੀਆ, 60 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਉ ।

**ਸੋਇਆਬੀਨ** : ਸੋਇਆਬੀਨ ਦੀ



ਐੱਸ ਐੱਲ 958, ਐੱਸ ਐੱਲ 744 ਜਾਂ ਐੱਸ ਐੱਲ 525 ਕਿਸਮ ਵਰਤੋ, ਕਿਉਕਿ ਇਹ ਪੀਲੇ ਵਿਸ਼ਾਣੂੰ ਰੋਗ ਨੂੰ ਸਹਾਰਨ ਦੀ ਸਮਰੱਥਾ ਰੱਖਦੀ ਹੈ । 25-30 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਵਰਤੋ । ਜੇਕਰ ਸੋਇਆਬੀਨ ਪਹਿਲੀ ਵਾਰ ਬੀਜ ਰਹੇ ਹੋ ਤਾਂ ਬੀਜ ਨੂੰ ਬੀਜਣ ਤੋਂ ਪਹਿਲਾਂ (ਰਾਈਜ਼ੋਬੀਅਮ) ਜੀਵਾਣੂੰ ਦਾ ਟੀਕਾ ਲਾ ਕੇ ਸੋਧ ਲਵੋ । ਇਹ ਜੀਵਾਣੂੰ ਦਾ ਟੀਕਾ ਫਸਲ ਦੀ ਨਾਈਟ੍ਰੋਜਨ ਤੱਤ ਦੀ ਘਾਟ ਨੂੰ ਪੂਰਾ ਕਰਦਾ ਹੈ । ਫਸਲ ਜੂਨ ਦੇ ਪਹਿਲੇ ਪੰਦਰਵਾੜੇ ਵਿੱਚ ਬੀਜੋ । ਫਸਲ 3-4 ਸੈਂਟੀਮੀਟਰ ਡੂੰਘੀ ਅਤੇ ਕਤਾਰਾਂ ਦਾ ਫਾਸਲਾ 45 ਸੈਂਟੀਮੀਟਰ ਰੱਖ ਕੇ ਬੀਜੋ । ਇਸ ਫਸਲ ਦੀ ਬਿਜਾਈ ਬੈੱਡਾਂ ਤੇ ਵੀ ਕਰ ਸਕਦੇ ਹੋ । ਬੈੱਡਾਂ ਦੇ ਬੀਜੀ ਫਸਲ ਨੂੰ ਬਾਰਸ਼ਾਂ ਦਾ ਖੜ੍ਹਾ ਪਾਣੀ ਨੁਕਸਾਨ ਨਹੀਂ ਕਰਦਾ । ਨਦੀਨਾਂ ਦੀ ਰੋਕਥਾਮ ਲਈ ਬਿਜਾਈ ਦੇ ਦੋ ਦਿਨਾਂ ਅੰਦਰ ਸਟੌਂਪ 30 ਤਾਕਤ 600 ਮਿਲੀਲਿਟਰ ਪ੍ਰਤੀ ਏਕੜ ਦਾ 200 ਲਿਟਰ ਪਾਣੀ ਵਰਤ ਕੇ ਛਿੜਕਾਅ ਕਰੋ । ਇਸ ਦੇ ਬਦਲ ਵੱਜੋਂ 300 ਮਿਲੀਲਿਟਰ ਪ੍ਰਤੀ ਏਕੜ ਪਰਮੀਜ਼ 10 ਐਸ ਐਲ ਨੂੰ ਬਿਜਾਈ ਤੋਂ 15-20 ਦਿਨਾਂ ਬਾਅਦ ਛਿੜਕਾਅ ਕਰੋ । ਵੱਧ ਝਾੜ ਲੈਣ ਲਈ 4 ਟਨ ਦੇਸੀ ਰੂੜੀ ਪ੍ਰਤੀ ਏਕੜ ਪਾਉ । ਬਿਜਾਈ ਸਮੇਂ 28 ਕਿਲੋ ਯੂਰੀਆ ਅਤੇ 200 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਵਰਤੋ । ਜਿੱਥੇ ਸੋਇਆਬੀਨ ਕਣਕ ਤੋਂ ਬਾਅਦ ਬੀਜੀ ਗਈ ਹੈ ਜਿਸ ਨੂੰ ਫਾਸਫੋਰਸ ਦੀ ਪੂਰੀ ਮਾਤਰਾ ਪਾਈ ਗਈ ਹੋਵੇ, ਉੱਥੇ ਸੋਇਆਬੀਨ ਨੂੰ 150 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਹੀ ਪਾਉ ।

**ਹਰੇ ਚਾਰੇ ਦੀ ਕਾਸ਼ਤ** : ਬੀਜ ਲਈ ਬਰਸੀਮ ਦੀ ਫਸਲ ਨੂੰ ਕੱਟ ਕੇ ਸੁਕਾ ਲਵੋ । ਚਾਰੇ ਦੀ ਫਸਲ ਨੂੰ ਪਾਣੀ ਦਿੰਦੇ ਰਹੋ ਅਤੇ ਸੋਕਾ ਨਾ ਲੱਗਣ ਦੇਵੋ । ਸਾਰਾ ਸਾਲ ਹਰਾ ਚਾਰਾ ਪੈਦਾ ਕਰਨ ਲਈ ਚਾਰੇ ਵਾਲੀਆਂ ਫਸਲਾਂ ਦੀ ਸਮੇਂ ਸਿਰ ਬਿਜਾਈ ਕਰਦੇ ਰਹੋ । ਚਾਰੇ ਵਾਲੀ ਫਸਲ ਦੀ ਕਟਾਈ ਢੁੱਕਵੇਂ ਸਮੇਂ ਤੇ ਕਰੋ ਜਾਂ ਜਦੋਂ ਫਸਲ ਕਟਾਈ ਦੀ ਅਵਸਥਾ ਵਿਚ ਹੋਵੇ । ਇਸ ਤਰ੍ਹਾਂ ਪਸ਼ੂਆਂ ਨੂੰ ਸਸਤਾ ਤੇ ਵਧੀਆ ਚਾਰਾ ਮਿਲ ਸਕੇਗਾ ਅਤੇ ਦੁੱਧ ਪੈਦਾ ਕਰਨ ਲਈ ਖਰਚਾ ਵੀ ਘਟੇਗਾ ।

**ਸਬਜ਼ੀਆਂ** : ਭਿੰਡੀ ਦੀਆਂ ਪੰਜਾਬ ਸੁਹਾਵਣੀ ਜਾਂ ਪੰਜਾਬ ਲਾਲਿਮਾ ਕਿਸਮਾਂ ਬੀਜਣੀਆਂ ਸ਼ੁਰੂ ਕਰ ਦਿਉ ਕਿਉਕਿ ਇਹ ਕਿਸਮਾਂ ਪੀਲੇ ਵਿਸ਼ਾਣੂੰ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀਆਂ ਹਨ । 15-20 ਟਨ ਗਲੀ ਸੜੀ ਰੂੜੀ ਤੋਂ ਇਲਾਵਾ 40 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਪਾਉ । ਸਬਜ਼ੀਆਂ ਦੀਆਂ ਖੜ੍ਹੀਆਂ ਫਸਲਾਂ ਨੂੰ ਹਫਤੇ ਵਿਚ ਇਕ ਵਾਰ ਪਾਣੀ ਦਿਉ ਪਰ ਹਲਕੀਆਂ ਜ਼ਮੀਨਾਂ ਵਿਚ ਇਹ ਵਕਫਾ ਚਾਰ ਤੋਂ ਪੰਜ ਦਿਨਾਂ ਬਾਅਦ ਕਰ ਦਿਉ ।

**ਪਨੀਰੀ ਤਿਆਰ ਕਰਨਾ** : 20-25 ਟੋਕਰੀਆਂ ਗਲੀ-ਸੜੀ ਰੂੜੀ ਪ੍ਰਤੀ ਮਰਲੇ ਦੇ ਹਿਸਾਬ ਪਾ ਕੇ ਚੰਗੀ ਤਰ੍ਹਾਂ ਮਿੱਟੀ ਵਿਚ ਰਲਾ ਦਿਉ ਅਤੇ ਪਾਣੀ ਦੇ ਦਿਉ । ਜਦੋਂ ਜ਼ਮੀਨ ਵੱਤਰ ਤੇ ਆ ਜਾਵੇ ਤਾਂ ਨਰਸਰੀ ਬੈੱਡ ਬਣਾਉ । ਗੋਭੀ ਦੀਆਂ ਅਗੇਤੀਆਂ ਕਿਸਮਾਂ ਦਾ 500 ਗ੍ਰਾਮ ਬੀਜ ਅਤੇ ਬੈਂਗਣ ਦੀਆਂ ਪੀ ਬੀ ਐਚ ਆਰ-41, ਪੀ ਬੀ ਐਚ ਆਰ-42, ਪੀ ਬੀ ਐਚ-3, ਪੀ ਬੀ ਐਚ-5, ਪੀ ਬੀ ਐਚ-6, ਪੰਜਾਬ ਹਿੰਮਤ, ਪੰਜਾਬ ਰੌਣਕ ਅਤੇ ਪੰਜਾਬ ਭਰਪੂਰ ਕਿਸਮਾਂ ਦਾ 300 ਗ੍ਰਾਮ ਬੀਜ ਇਕ ਏਕੜ ਦੀ ਨਰਸਰੀ ਤਿਆਰ ਕਰਨ ਲਈ ਇਕ ਮਰਲੇ ਵਿਚ ਬਿਜਾਈ ਕਰੋ । ਸਾਉਣੀ ਦੇ ਗੰਢਿਆਂ ਦੀ ਐਗਰੀਫਾਊਂਡ ਡਾਰਕ ਰੈੱਡ ਕਿਸਮ ਦਾ 5 ਕਿਲੋ ਬੀਜ 8 ਮਰਲੇ ਜਗ੍ਹਾ ਵਿਚ ਬੀਜ ਕੇ ਇਕ ਏਕੜ ਦੀ ਪਨੀਰੀ ਤਿਆਰ ਕਰੋ । ਅਗਸਤ ਵਿਚ ਸਾਉਣੀ ਰੁੱਤ ਦੇ ਪਿਆਜ਼ ਬੀਜਣ ਲਈ ਤਿਆਰ ਕੀਤੀਆਂ ਗੰਢੀਆਂ ਨੂੰ ਪੁੱਟ ਲਓ ਅਤੇ ਉਨ੍ਹਾਂ ਨੂੰ ਬਿਜਾਈ ਕਰਨ ਲਈ ਟੋਕਰੀਆਂ ਵਿਚ ਪਾ ਕੇ ਠੰਡੀ ਜਗ੍ਹਾ ਤੇ ਸੰਭਾਲ ਕੇ ਰੱਖ ਲਓ ।

**ਬਾਗਬਾਨੀ** : ★ ਫਲਾਂ ਨਾਲ ਲੱਦੇ ਬੂਟੇ ਜਿਵੇਂ ਕਿ ਨਿੰਬੂ, ਅੰਬ, ਨਾਸ਼ਪਾਤੀ, ਲੀਚੀ ਆਦਿ ਨੂੰ ਪਾਣੀ ਸਹੀ ਵਕਫੇ ਤੇ ਦਿੰਦੇ ਰਹੋ । ਲੀਚੀ ਦੇ ਦਰਖਤਾਂ ਨੂੰ ਹਫਤੇ ਵਿਚ ਦੋ ਵਾਰ ਪਾਣੀ ਦੇਣ ਨਾਲ ਫਲ ਘੱਟ ਫਟਦਾ ਹੈ ਅਤੇ ਫਲ ਦਾ ਆਕਾਰ ਵੀ ਵਧੀਆ ਹੁੰਦਾ ਹੈ । ਨਵੇਂ ਨਰਮ ਪੌਦਿਆਂ ਨੂੰ ਗਰਮੀ ਤੋਂ ਬਚਾਉਣ ਲਈ ਲਗਾਤਾਰ ਅਤੇ ਹਲਕੀਆਂ ਸਿੰਚਾਈਆਂ ਕਰਦੇ ਰਹੋ, ਤਣਿਆਂ ਤੇ ਚੂਨੇ ਦਾ ਘੋਲ ਲਗਾਓ ਜਾਂ ਕਿਸੇ ਬੋਰੀ ਜਾਂ ਕੱਪੜੇ ਨਾਲ ਢੱਕ ਦਿਓ ।

★ ਜੂਨ ਦੇ ਪਹਿਲੇ ਹਫਤੇ ਤੱਕ ਬੇਰਾਂ ਦੀ ਕਾਂਟ-ਛਾਂਟ ਪੂਰੀ ਕਰ ਲਵੋ ਅਤੇ ਬੇਰਾਂ ਨੂੰ ਛੰਗਾਈ ਤੋਂ ਬਾਅਦ ਦੇਸੀ ਰੂੜੀ ਪਾ ਦਿਉ । ਬੇਰੀਆਂ ਦੇ ਬਾਗਾਂ ਦੀ ਕਾਂਟ-ਛਾਂਅ ਤੋਂ ਬਾਅਦ ਵਾਲੀ ਜ਼ਮੀਨ ਤੋਂ ਵਧੇਰੇ ਆਮਦਨ ਲੈਣ ਲਈ ਅੰਤਰਫਸਲ ਦੇ ਤੌਰ ਤੇ ਮੂੰਗਫਲੀ ਦੀ ਕਿਸਮ ਟੀ.ਜੀ. 37ਏ ਬੀਜੀ ਜਾ ਸਕਦੀ ਹੈ ।

★ ਇਸ ਮਹੀਨੇ ਅਮਰੂਦਾਂ ਦੇ ਬੂਟਿਆਂ ਨੂੰ ਜੁਲਾਈ-ਅਗਸਤ ਆਉਣ ਵਾਲੇ ਫੁਟਾਰੇ ਦੇ ਚੰਗੇ ਵਾਧੇ ਲਈ ਰਸਾਇਣਿਕ ਖਾਦਾਂ ਪਾ ਦਿਉ ਤਾਂ ਜੋ ਅਗਸਤ-ਸਤੰਬਰ ਵਿਚ ਵੱਧ ਤੋਂ ਵੱਧ ਫੁੱਲ ਪੈਣ ।

★ ਅਮਰੂਦਾਂ ਦੇ ਬਾਗਾਂ ਨੂੰ ਜੂਨ ਮਹੀਨੇ ਵਾਹ ਦਿਉ ਤਾਂ ਕਿ ਬਾਗ ਨਦੀਨ ਮੁਕਤ ਹੋ ਸਕਣ ਅਤੇ ਫੱਲ ਦੀ ਮੱਖੀ ਤੇ ਕੋਏ ਘੱਟ ਸਕਣ ।

★ ਅੰਬਾਂ ਦੇ ਬੂਟਿਆਂ ਦੇ ਫਲ ਹੋਣ ਕਰਕੇ ਇਸ ਮਹੀਨੇ ਇਕ ਕਿਲੋ ਹੋਰ ਕਿਸਾਨ ਖਾਦ ਪਾਉਣੀ ਚਾਹੀਦੀ ਹੈ ।

★ ਨਿੰਬੂ ਜਾਤੀ ਦੇ ਬੂਟਿਆਂ ਤੋਂ ਜ਼ਿੰਕ ਦੀ ਘਾਟ ਦੂਰ ਕਰਨ ਲਈ 0.3 ਪ੍ਰਤੀਸ਼ਤ (3 ਗ੍ਰਾਮ ਪ੍ਰਤੀ ਲਿਟਰ ਪਾਣੀ) ਜ਼ਿੰਕ ਸਲਫੇਟ ਦੇ ਘੋਲ ਦਾ ਛਿੜਕਾਅ ਕਰੋ ।

★ ਨਿੰਬੂ ਜਾਤੀ ਦੇ ਕੀੜੇ-ਮਕੌੜਿਆਂ ਦੀ ਰੋਕਥਾਮ ਲਈ 200 ਮਿ.ਲਿ. ਕਰੋਕੋਡਾਈਲ/ਕਨਫੀਡੋਰ 17.8 ਤਾਕਤ ਜਾਂ 160 ਗ੍ਰਾਮ ਐਕਟਾਰਾ/ਦੋਤਾਰਾ ਨੂੰ 25 ਡਬਲਯੂ ਜੀ 500 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ । ਆੜੂ ਦੀ ਫਲ ਦੀ ਮੱਖੀ ਦੀ ਰੋਕਥਾਮ ਲਈ ਹਮਲੇ ਵਾਲੇ ਫਲ ਤੋੜ ਕੇ ਘੱਟੋ-ਘੱਟ 60 ਸੈਂ.ਮੀ. ਡੂੰਘੇ ਦਬਾ ਦਿਉ ।

★ ਸੰਤਰੇ ਅਤੇ ਮਾਲਟਿਆਂ ਨੂੰ ਕੋਹੜ (ਸਕੈਬ) ਰੋਗ ਤੋਂ ਬਚਾਉਣ ਲਈ ਬੋਰਡੋ ਮਿਸ਼ਰਣ (2:2:250) ਜਾਂ 0.3% ਕੌਪਰ ਔਕਸਕਲੋਰਾਈਡ (3 ਗ੍ਰਾਮ ਪ੍ਰਤੀ ਲਿਟਰ ਪਾਣੀ) ਇਸੇ ਤਰ੍ਹਾਂ ਅੰਬਾਂ ਅਤੇ ਨਾਖਾਂ ਦੇ ਬੂਟਿਆਂ ਨੂੰ ਉੱਲੀ ਦੇ ਰੋਗਾਂ ਤੋਂ ਬਚਾਉਣ ਲਈ ਵੀ ਬੋਰਡੋ ਮਿਸ਼ਰਣ ਦਾ ਛਿੜਕਾਅ ਕਰੋ ।

★ ਅੰਗੂਰਾਂ ਦੇ ਗੁੱਛਿਆਂ ਨੂੰ ਗਲਣ ਤੋਂ ਬਚਾਉਣ ਲਈ 0.2 ਪ੍ਰਤੀਸ਼ਤ (2 ਗ੍ਰਾਮ ਪ੍ਰਤੀ ਲਿਟਰ ਪਾਣੀ) ਜ਼ੀਰਮ ਦਾ ਛਿੜਕਾਅ ਕਰੋ । ਇਹ ਛਿੜਕਾਅ ਤੁੜਾਈ ਤੋਂ 7 ਦਿਨ ਪਹਿਲਾਂ ਬੰਦ ਕਰ ਦਿਉ ।


**ਵਣ ਖੇਤੀ : ਪਾਪਲਰ**

★ ਪਾਪਲਰ ਦੇ ਸਹੀ ਵਾਧੇ ਅਤੇ ਗਰਮੀ ਤੋਂ ਬਚਾਉਣ ਲਈ ਬੂਟਿਆਂ ਨੂੰ ਸੱਤ ਦਿਨ ਦੇ ਵਕਫੇ ਤੇ ਸਿੰਚਾਈ ਦਿੰਦੇ ਰਹੋ । ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾ ਵਿਚ 100, 200 ਅਤੇ 300 ਗ੍ਰਾਮ ਜ਼ਿੰਕ ਸਲਫੇਟ (21% ਜ਼ਿੰਕ) ਪ੍ਰਤੀ ਬੂਟੇ ਦੇ ਹਿਸਾਬ ਨਾਲ ਕ੍ਰਮਵਾਰ ਇਕ, ਤਿੰਨ ਅਤੇ ਪੰਜ ਸਾਲ ਦੀ ਉਮਰ ਦੀਆਂ ਪਲਾਂਟੇਸ਼ਨਾਂ ਨੂੰ ਪਾਓ। ਖਾਦ ਨੂੰ ਮਿੱਟੀ ਵਿਚ ਰਲਾ ਕੇ ਪਾ ਦਿਉ ਅਤੇ ਹਲਕੀ ਸਿੰਚਾਈ ਦੇ ਦਿਉ ।

★ਪਾਪਲਰ ਦੇ ਪੱਤੇ ਝਾੜਣ ਵਾਲੀ ਸੁੰਡੀ ਜਾਂ ਪੱਤਾ ਲਪੇਟ ਸੁੰਡੀ ਦਾ ਹਮਲਾ ਹੋਣ ਤੇ ਬੂਟਿਆਂ ਦੇ ਜਿਨ੍ਹਾਂ ਪੱਤਿਆਂ ਉੱਤੇ ਇਨ੍ਹਾਂ ਦੀਆਂ ਸੁੰਡੀਆਂ ਜਾਂ ਅੰਡੇ ਹੋਣ ਉਨ੍ਹਾਂ ਨੂੰ ਤੋੜ ਕੇ, ਇਕੱਠੇ ਕਰਕੇ ਨਸ਼ਟ ਕਰ ਦਿਉ । ਪਾਪਲਰ ਦੇ ਤਿੰਨ ਸਾਲ ਦੀ ਉਮਰ ਤੱਕ ਦੇ ਬੂਟਿਆਂ ਵਿਚ ਝੋਨੇ ਤੋਂ ਇਲਾਵਾ ਸਾਉਣੀ ਦੀਆਂ ਸਾਰੀਆਂ ਫਸਲਾਂ ਉਗਾਈਆਂ ਜਾ ਸਕਦੀਆਂ ਹਨ ।

**ਸਜਾਵਟੀ ਬੂਟੇ** :

**ਗੁਲਦਾਉਦੀ** : ਇਸ ਮਹੀਨੇ ਦੇ



ਦੂਜੇ ਜਾਂ ਤੀਜੇ ਹਫਤੇ ਗੁਲਦਾਉਦੀ ਦੀਆਂ ਨਰਮ ਕਲਮਾਂ ਲਾ ਦਿਓ । ਕਲਮਾਂ ਬਣਾਉਣ ਲਈ ਗੁਲਦਾਉਦੀ ਦੇ ਬੂਟਿਆਂ ਦੇ 5-7 ਸੈਂ. ਮੀ. ਲੰਬੇ ਟੂਸੇ ਤੋੜ ਕੇ ਹੇਠਲੇ ਦੋ ਤਿਹਾਈ ਹਿੱਸੇ ਤੋਂ ਪੱਤੇ ਤੋੜ ਦਿਓ ਅਤੇ ਛਾਂ ਹੇਠ ਰੇਤ ਜਾਂ ਪਲੱਗ ਟਰੇਅ ਵਿਚ ਲਗਾ ਦਿਓ ।

**ਮੌਸਮੀ ਫੁੱਲ** : ਬਰਸਾਤ ਰੁੱਤ ਦੇ ਮੌਸਮੀ ਫੁੱਲ ਜਿਵੇਂ ਕਿ ਬਾਲਸਮ, ਗੈਲਾਰਡੀਆ, ਕੌਸਮੌਸ, ਕੁੱਕੜ ਕਲਗੀਆਂ ਆਦਿ ਦੀ ਪਨੀਰੀ ਨਰਸਰੀ ਬੈੱਡ ਉੱਪਰ ਤਿਆਰ ਕਰਨੀ ਸ਼ੁਰੂ ਕਰ ਦਿਉ । ਬਾਲਸਮ ਦੇ ਬੀਜ ਨੂੰ ਕਿਆਰੀਆਂ ਵਿਚ ਸਿੱਧਾ ਵੀ ਬੀਜਿਆ ਜਾ ਸਕਦਾ ਹੈ ।

**ਲਾਅਨ** : ਇਸ ਮਹੀਨੇ ਲਾਅਨ ਨੂੰ ਹਫਤੇ ਵਿਚ ਕੇ ਵਾਰੀ ਪਾਣੀ ਜ਼ਰੂਰ ਦਿਓ । ਜ਼ਿਆਦਾ ਗਿੱਲ ਹੋਣ ਤੇ ਘਾਹ ਉੱਪਰ ਨਾ ਤੁਰੋ ।

**ਪੱਕੇ ਬੂਟੇ** : ਨਵੇਂ ਲਗਾਏ ਬੂਟਿਆਂ ਨੂੰ ਧੁੱਪ ਅਤੇ ਲੂੰ ਤੋਂ ਬਚਾਉਣ ਲਈ ਸਰਕੰਡੇ ਦੀ ਛਾਂ ਕਰੋ । ਬੋਗਨ ਵੇਲੀਆਂ ਦੀਆਂ ਕਿਸਮਾਂ ਜਿਨ੍ਹਾਂ ਦੇ ਫੁੱਲ ਖਤਮ ਹੋ ਚੁੱਕੇ ਹਨ । ਉਨਾਂ ਦੀ ਕਾਂਟ-ਛਾਂਟ ਕਰ ਦਿਓ । ਪੱਕੇ ਬੂਟਿਆਂ ਨੂੰ ਹਫਤੇ ਵਿਚ ਦੋ ਵਾਰੀ ਪਾਣੀ ਜਰੂਰ ਦਿਓ ।

**ਗਮਲਿਆਂ ਵਾਲੇ ਬੂਟੇ** : ਗਮਲਿਆਂ ਵਿਚ ਲੱਗੇ ਬੂਟਿਆਂ ਨੂੰ ਲੋੜ ਅਨੁਸਾਰ ਪਾਣੀ ਦਿਓ ਤਾਂ ਜੋ ਮਿੱਟੀ ਵਿਚ ਨਮੀਂ ਬਣੀ ਰਹੇ । ਬਹੁਤਾ ਪਾਣੀ ਦੇਣ ਤੋਂ ਗੁਰੇਜ਼ ਕਰੋ । ਗਮਲਿਆਂ ਵਾਲੇ ਪੌਦਿਆਂ ਨੂੰ ਇਕੱਠੇ ਕਰਕੇ ਗਰੁੱਪ ਬਣਾ ਕੇ ਰੱਖੋ ਤਾਂ ਜੋ ਅਨੁਕੂਲ ਸੂਖਮ ਜਲਵਾਯੂ ਪ੍ਰਦਾਨ ਕੀਤਾ ਜਾ ਸਕੇ ।

**ਗੁਲਾਬ** : ਗਰਮੀ ਦੇ ਮੌਸਮ ਵਿਚ ਗੁਲਾਬ ਦੇ ਪੌਦਿਆਂ ਨੂੰ ਪਾਣੀ ਦੀ ਜ਼ਿਆਦਾ ਜਰੂਰਤ ਹੁੰਦੀ ਹੈ । ਪਰ ਫਿਰ ਵੀ ਬੂਟਿਆਂ ਨੂੰ ਜ਼ਿਆਦਾ ਪਾਣੀ ਦੇਣ ਤੋਂ ਗਰੇਜ਼ ਕਰੋ । ਸਮੇਂ-ਸਮੇਂ ਤੇ ਜੜ੍ਹੂੰਏ, ਬਿਮਾਰ ਅਤੇ ਸੁੱਕੀਆਂ ਟਾਹਣੀਆਂ ਨੂੰ ਕੱਟਦੇ ਰਹੋ । ਫੁੱਲ ਡੋਡੀ ਪੈਣ ਤੇ ਉਸ ਨੂੰ ਕੱਟ ਦਿਓ ।

ਚੱਲਦਾ

**ਸੂਰਜ ਦੀ ਗਰਮੀ ਸਾਡੀ ਊਰਜਾ ਨੂੰ ਪੂਰੀ ਤਰ੍ਹਾਂ ਖਤਮ ਕਰ ਸਕਦੀ ਹੈ। ਪਸੀਨੇ ਰਾਹੀਂ ਸਰੀਰ 'ਚੋਂ ਕਾਫੀ ਪਾਣੀ ਬਾਹਰ ਨਿਕਲ ਜਾਂਦਾ ਹੈ। ਪਾਣੀ ਦੀ ਕਮੀ ਪੂਰਾ ਕਰਨ ਲਈ ਜੇ ਪਾਣੀ ਅਤੇ ਪੀਣ ਵਾਲੇ ਤਰਲ ਮੌਕੇ 'ਤੇ ਨਾ ਮਿਲਦੇ ਹੋਣ ਜਾਂ ਕੰਮ ਦੇ ਰੁਝੇਵੇਂ 'ਚ ਪਿਆਸ ਦਾ ਖਿਆਲ ਹੀ ਨਾ ਕੀਤਾ ਜਾਵੇ ਤਾਂ ਪਾਣੀ ਦੀ ਘਾਟ-'ਡੀਹਾਈਡ੍ਰੇਸ਼ਨ' ਹੋ ਜਾਂਦੀ ਹੈ ਅਤੇ ਬੰਦੇ ਨੂੰ ਲੂ ਲੱਗਣ ਦਾ ਖਦਸ਼ਾ ਵਧ ਜਾਂਦਾ ਹੈ। ਇਸ ਨਾਲ ਮੌਤ ਵੀ ਹੋ ਸਕਦੀ ਹੈ। ਜਦ ਪਸੀਨਾ ਆਉਣਾ ਬੰਦ ਹੋ ਜਾਵੇ ਤੇ ਸਰੀਰ ਦਾ ਤਾਪਮਾਨ 104 ਡਿਗਰੀ ਫਾਰਨਹੀਟ ਤੋਂ ਉਪਰ ਹੋ ਜਾਵੇ ਤਾਂ ਸਮਝੋ ਕਿ ਬੰਦੇ ਨੂੰ ਲੂ ਲੱਗ ਗਈ ਹੈ।**






# ਗਰਮੀਆਂ ਦੇ ਦਿਨਾਂ ਵਿੱਚ ਆਪਣੀ ਸਿਹਤ ਦਾ ਰੱਖੋ ਧਿਆਨ

ਡਾ. ਪ੍ਰਭਦੀਪ ਸਿੰਘ ਚਾਵਲਾ, ਨੋਡਲ ਅਫਸਰ ਆਈ.ਈ.ਸੀ. ਸਰਗਰਮੀਆਂ ਸਿਹਤ ਵਿਭਾਗ, ਫਰੀਦਕੋਟ, ਮੋਬਾਈਲ : 98146-56257

ਲੂ ਲੱਗਣਾ ਗਰਮੀ ਦੇ ਮੌਸਮ ਦਾ ਰੋਗ ਅਤੇ ਵੱਡੀ ਸਮੱਸਿਆ ਹੈ। ਸੂਰਜ ਦੀ ਤਪਸ਼ ਅੱਗ ਵਰ੍ਹਾਉਂਦੀ ਪਈ ਹੈ ਅਤੇ ਛੋਟੇ ਬੱਚੇ, ਬਜ਼ੁਰਗ, ਕਮਜ਼ੋਰ ਜਾਂ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੇ ਰੋਗ ਤੋਂ ਪੀੜਤ ਵਿਅਕਤੀ ਲੂ ਦੀ ਲਪੇਟ 'ਚ ਛੇਤੀ ਆ ਜਾਂਦੇ ਹਨ। ਸੜਕਾਂ 'ਤੇ ਰੇਹੜੀ, ਰਿਕਸ਼ਾ-ਟਾਂਗਾ ਚਾਲਕ, ਦਿਹਾੜੀਦਾਰ-ਮਜ਼ਦੂਰ, ਕਾਮੇ, ਯਾਤਰੀ ਅਤੇ ਭਿਖਾਰੀ ਆਦਿ ਵੀ ਸੂਰਜ ਦੀਆਂ ਗਰਮ ਹਵਾਵਾਂ ਦੇ ਚਲਦਿਆਂ ਲੂ ਦਾ ਸ਼ਿਕਾਰ ਹੋਣ ਕਾਰਨ ਬੇਹੋਸ਼ ਹੋ ਕੇ ਡਿਗ ਪੈਂਦੇ ਹਨ। ਸੂਰਜ ਦੀ ਗਰਮੀ ਸਾਡੀ ਊਰਜਾ ਨੂੰ ਪੂਰੀ ਤਰ੍ਹਾਂ ਖਤਮ ਕਰ ਸਕਦੀ



ਹੈ। ਪਸੀਨੇ ਰਾਹੀਂ ਸਰੀਰ 'ਚੋਂ ਕਾਫੀ ਪਾਣੀ ਬਾਹਰ ਨਿਕਲ ਜਾਂਦਾ ਹੈ। ਪਾਣੀ ਦੀ ਕਮੀ ਪੂਰਾ ਕਰਨ ਲਈ ਜੇ ਪਾਣੀ ਅਤੇ ਪੀਣ ਵਾਲੇ ਤਰਲ ਮੌਕੇ 'ਤੇ ਨਾ ਮਿਲਦੇ ਹੋਣ ਜਾਂ ਕੰਮ ਦੇ ਰੁਝੇਵੇਂ 'ਚ ਪਿਆਸ ਦਾ ਖਿਆਲ ਹੀ ਨਾ ਕੀਤਾ ਜਾਵੇ ਤਾਂ ਪਾਣੀ ਦੀ ਘਾਟ-'ਡੀਹਾਈਡ੍ਰੇਸ਼ਨ' ਹੋ ਜਾਂਦੀ ਹੈ ਅਤੇ ਬੰਦੇ ਨੂੰ ਲੂ ਲੱਗਣ ਦਾ ਖਦਸ਼ਾ ਵਧ ਜਾਂਦਾ ਹੈ। ਇਸ ਨਾਲ ਮੌਤ ਵੀ ਹੋ ਸਕਦੀ ਹੈ। ਜਦ ਪਸੀਨਾ ਆਉਣਾ ਬੰਦ ਹੋ ਜਾਵੇ ਤੇ ਸਰੀਰ ਦਾ ਤਾਪਮਾਨ 104 ਡਿਗਰੀ ਫਾਰਨਹੀਟ ਤੋਂ ਉਪਰ ਹੋ ਜਾਵੇ ਤਾਂ ਸਮਝੋ ਕਿ ਬੰਦੇ ਨੂੰ ਲੂ ਲੱਗ ਗਈ ਹੈ। ਗਰਮੀਆਂ 'ਚ ਮਲੇਰੀਆ, ਟਾਇਫਾਇਡ ਜਾਂ ਕਿਸੇ ਹੋਰ ਰੋਗ ਕਾਰਨ ਬੁਖਾਰ ਚੜ੍ਹ ਜਾਵੇ ਤਾਂ ਪਾਣੀ ਦੀ ਘਾਟ, ਲੂ ਲੱਗਣ ਦਾ ਕਾਰਨ ਬਣਦੀ ਜਾਂਦੀ ਹੈ।

ਗਰਮੀ ਦੇ ਮੌਸਮ 'ਚ ਤਾਪਮਾਨ 40-45 ਡਿਗਰੀ ਸੈਂਟੀਗ੍ਰੇਡ ਤੱਕ ਪਹੁੰਚ ਜਾਂਦਾ ਹੈ ਅਤੇ ਤੇਜ਼ ਧੁੱਪ ਕਾਰਨ ਸੂਰਜ ਦੀਆਂ ਤੇਜ਼ ਕਿਰਨਾਂ ਚਮੜੀ ਹੀ ਝੁਲਸਾ ਦਿੰਦੀਆਂ ਹਨ। ਅਜਿਹੇ ਮੌਸਮ 'ਚ ਆਪਣਾ ਧਿਆਨ ਸਨਬਰਨ, ਸਕਿਨ 'ਚ ਜਲਨ, ਲੂ ਲੱਗਣ ਦਾ ਡਰ ਬਣਿਆ ਰਹਿੰਦਾ ਹੈ, ਕਦੇ-ਕਦੇ ਤਾਂ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਸਨਬਰਨ ਅਤੇ ਚਮੜੀ ਦੀ ਜਲਣ ਤੋਂ ਬਚਾਅ ਲਈ ਕਈ ਤਰ੍ਹਾਂ ਦੇ ਲੋਸ਼ਨ ਅਤੇ ਕਰੀਮਾਂ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਰ ਲੂ ਲੱਗਣ ਨਾਲ ਸਿਹਤ ਬਹੁਤ ਜ਼ਿਆਦਾ ਵਿਗੜ ਵੀ ਸਕਦੀ ਹੈ, ਗਰਮੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਆਪਣੇ ਆਪ ਨੂੰ ਬਚਾਉਣਾ ਚਾਹੀਦਾ ਹੈ। ਜੇਕਰ ਕਿਸੇ ਮੈਦਾਨੀ ਖੇਤਰ ਦਾ ਤਾਪਮਾਨ 40 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੱਧ ਤੱਕ ਪਹੁੰਚ ਜਾਂਦਾ ਹੈ, ਤਾਂ ਇਸ ਸਥਿਤੀ ਨੂੰ ਗਰਮੀ ਦੀ ਲਹਿਰ ਕਿਹਾ ਜਾਂਦਾ ਹੈ। ਮਈ ਅਤੇ ਜੂਨ ਦੇ ਮਹੀਨਿਆਂ ਦੌਰਾਨ ਗਰਮੀ ਦੀਆਂ ਲਹਿਰਾਂ ਚੱਲਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ ਅਤੇ ਇਸ ਸਮੇਂ ਦੌਰਾਨ ਆਮ ਲੋਕਾਂ ਦੇ ਨਾਲ-ਨਾਲ ਖਾਸ ਕਰਕੇ ਉਨ੍ਹਾਂ ਲੋਕਾਂ, ਜਿਹੜੇ ਜੋਖਮ ਸ਼੍ਰੇਣੀ 'ਚ ਆਉਂਦੇ ਹਨ, ਨੂੰ ਚੌਕਸ ਰਹਿਣ ਦੀ ਲੋੜ ਹੈ।

ਨਵਜੰਮੇ ਅਤੇ ਛੋਟੇ ਬੱਚਿਆਂ, ਗਰਭਵਤੀ ਔਰਤਾਂ, 65 ਸਾਲ ਜਾਂ ਵੱਧ ਉਮਰ ਦੇ ਬਜ਼ੁਰਗ, ਮਜ਼ਦੂਰ-ਦਿਹਾੜੀਦਾਰ, ਮੋਟਾਪੇ ਤੋਂ ਪੀੜਤ ਵਿਅਕਤੀ, ਮਾਨਸਿਕ ਰੋਗੀ, ਜੋ ਸਰੀਰਕ ਤੌਰ 'ਤੇ ਬਿਮਾਰ ਹਨ, ਖਾਸ ਕਰਕੇ ਜਿਨ੍ਹਾਂ ਨੂੰ ਦਿਲ ਦੀ ਬਿਮਾਰੀ ਜਾਂ ਹਾਈ ਬਲੱਡ ਪ੍ਰੈਸ਼ਰ ਹੈ, ਉਹ ਵਧੇਰੇ ਜੋਖਮ ਸ਼੍ਰੇਣੀ 'ਚ ਆਉਂਦੇ ਹਨ।

ਹਰ ਸਾਲ ਗਰਮੀ ਦੇ ਮੌਸਮ 'ਚ ਲੂ ਲੱਗਣ ਦੇ ਕੇਸਾਂ ਬਾਰੇ ਖਬਰਾਂ ਸੁਣੀਂਦੀਆਂ ਹਨ, ਪਰ ਜੇ ਗਰਮੀ ਦੀ ਲਹਿਰ ਦੌਰਾਨ ਸਾਵਧਾਨੀਆਂ ਵਰਤੀਆਂ ਜਾਣ ਤਾਂ ਲੂ ਲੱਗਣ ਤੋਂ ਆਪਣੇ ਆਪ ਨੂੰ ਬਚਾਇਆ ਜਾ ਸਕਦਾ ਹੈ। ਲੂ ਜਾਂ ਹੀਟ ਸਟ੍ਰੋਕ ਤੋਂ ਬਚਣ ਲਈ ਕੀ ਕਰਨਾ ਅਤੇ ਕੀ ਨਹੀਂ ਕਰਨਾ ਚਾਹੀਦਾ।

**ਇਸ ਗਰਮੀ ਦੇ ਮੌਸਮ 'ਚ ਕੀ ਕਰਨਾ ਚਾਹੀਦਾ ਹੈ ?**

ਘਰ ਤੋਂ ਬਾਹਰ ਦੇ ਕੰਮ, ਦਿਨ ਦੇ ਠੰਢੇ ਸਮੇਂ ਜਿਵੇਂ ਕਿ ਸਵੇਰ ਅਤੇ ਸ਼ਾਮ ਸਮੇਂ ਕੀਤੇ ਜਾਣੇ ਚਾਹੀਦੇ ਹਨ। ਪਿਆਸ ਨਾ ਲੱਗਣ 'ਤੇ ਵੀ ਹਰ ਘੰਟੇ ਬਾਅਦ ਪਾਣੀ ਜ਼ਰੂਰ ਪੀਓ। ਪਰ ਮਿਰਗੀ ਜਾਂ ਦਿਲ ਦੀ ਬਿਮਾਰੀ, ਗੁਰਦੇ ਜਾਂ ਜਿਗਰ ਦੀ ਬਿਮਾਰੀ ਵਾਲੇ ਲੋਕ ਜੋ ਤਰਲ-ਪ੍ਰਤੀਬੰਧਿਤ ਖੁਰਾਕ 'ਤੇ ਹਨ, ਉਨ੍ਹਾਂ ਨੂੰ ਪਾਣੀ ਦੀ ਮਾਤਰਾ ਵਧਾਉਣ ਸੰਬੰਧੀ ਡਾਕਟਰੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

ਬਾਹਰ ਕੰਮ ਕਰਦੇ ਰੰਗ ਅਤੇ ਸਰੀਰ ਨੂੰ ਪੂਰੇ ਢਕਣ ਵਾਲੇ ਕੱਪੜੇ ਪਾਓ। ਕੋਸ਼ਿਸ਼ ਕਰੋ ਕਿ ਗਰਮੀਆਂ 'ਚ ਸਿਰਫ ਸੂਤੀ ਕੱਪੜੇ ਹੀ ਪਹਿਨੇ ਜਾਣ। ਸਿੱਧੀ ਧੁੱਪ ਤੋਂ ਆਪਣੇ ਸਿਰ ਨੂੰ ਢੱਕਣ ਲਈ ਛਤਰੀ, ਟੋਪੀ, ਤੌਲੀਆ, ਪੱਗ ਜਾਂ ਦੁਪੱਟੇ ਆਦਿ ਦੀ ਵਰਤੋਂ ਕਰੋ। ਨੰਗੇ ਪੈਰੀਂ ਬਾਹਰ ਨਾ ਨਿਕਲੋ, ਧੁੱਪ 'ਚ ਬਾਹਰ ਜਾਣ ਵੇਲੇ ਹਮੇਸ਼ਾਂ ਜੁੱਤੀ-ਬੂਟ ਜਾਂ ਚੱਪਲਾਂ ਪਾਓ।

ਧੁੱਪ 'ਚ ਕੰਮ ਕਰਨ ਵਾਲੇ ਲੋਕਾਂ ਨੂੰ ਸਰੀਰ ਦਾ ਤਾਪਮਾਨ ਸਹੀ ਬਰਕਰਾਰ ਰੱਖਣ ਲਈ ਛਾਂ 'ਚ ਆਰਾਮ ਕਰਨਾ ਚਾਹੀਦਾ ਹੈ ਜਾਂ ਸਿਰ 'ਤੇ ਗਿੱਲਾ ਕੱਪੜਾ ਰੱਖਣਾ ਚਾਹੀਦਾ ਹੈ। ਧੁੱਪ 'ਚ ਨਿਕਲਦੇ ਸਮੇਂ ਹਮੇਸ਼ਾ ਪਾਣੀ ਨਾਲ ਰੱਖੋ।

ਮੌਸਮੀ ਫਲ ਅਤੇ ਸਲਾਦ ਜਿਵੇਂ ਕਿ ਅੰਬ, ਤਰਬੂਜ਼, ਖਰਬੂਜ਼ਾ, ਸੰਤਰਾ, ਅੰਗੂਰ, ਖੀਰਾ, ਮੂਲੀ, ਪਿਆਜ਼ ਅਤੇ ਟਮਾਟਰ ਆਦਿ ਖਾਓ, ਕਿਉਂਕਿ ਇਨ੍ਹਾਂ 'ਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਨ੍ਹਾਂ ਤੋਂ ਇਲਾਵਾ ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਅਤੇ ਸੱਤੂ ਵਰਗੇ ਘਰੇਲੂ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਅਤੇ ਸੇਵਨ ਵਧਾਓ।

ਆਪਣੀ ਚਮੜੀ ਦੀ ਸੁਰੱਖਿਆ ਲਈ ਸਨਸਕ੍ਰੀਨ ਅਤੇ ਅੱਖਾਂ ਦੀ ਸੁਰੱਖਿਆ ਲਈ ਗੂੜ੍ਹੇ ਚਸ਼ਮੇ ਲਾਓ। ਘੱਟ ਭੋਜਨ ਖਾਓ ਅਤੇ ਜ਼ਿਆਦਾ ਵਾਰ ਖਾਓ, ਬਿਹਾ ਖਾਣਾ ਨਾ ਖਾਓ, ਜ਼ਿਆਦਾ ਤੇਲ ਵਾਲੇ ਜਾਂ ਬਾਹਰਲੇ ਖਾਣੇ ਤੋਂ ਪਰਹੇਜ਼ ਕਰੋ। ਠੰਢੇ ਪਾਣੀ ਨਾਲ ਵਾਰ-ਵਾਰ ਨਹਾਓ ਜਾਂ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਮੂੰਹ-ਹੱਥ ਠੰਢੇ ਪਾਣੀ ਨਾਲ ਧੋਵੋ। ਕਸਰਤ ਸਰੀਰ ਦੇ ਵਧਦੇ ਤਾਪਮਾਨ ਦੇ ਅਨੁਕੂਲ ਕਰੋ ਅਤੇ ਖੁਰਾਕ ਤੇ ਤਰਲ ਪਦਾਰਥਾਂ ਦਾ ਸੇਵਨ ਜ਼ਰੂਰ ਕਰੋ।

**ਗਰਮੀ ਦੀ ਲਹਿਰ ਦੌਰਾਨ ਸਾਵਧਾਨੀਆਂ** : ਧੁੱਪ 'ਚ ਖਾਸ ਤੌਰ 'ਤੇ ਦੁਪਹਿਰ 12 ਤੋਂ 3 ਵਜੇ ਤੱਕ ਬਾਹਰ ਜਾਣ ਤੋਂ ਪਰਹੇਜ਼ ਕਰੋ। ਵੱਧ ਗਰਮੀ ਵਾਲੇ ਘੰਟਿਆਂ ਦੌਰਾਨ ਖਾਣਾ ਬਣਾਉਣ ਤੋਂ ਗੁਰੇਜ਼ ਕੀਤਾ ਜਾਵੇ, ਰਸੋਈ ਨੂੰ ਚੰਗੀ ਤਰ੍ਹਾਂ ਹਵਾਦਾਰ ਰੱਖਣ ਲਈ ਦਰਵਾਜ਼ੇ ਅਤੇ ਖਿੜਕੀਆਂ ਖੁੱਲ੍ਹੀਆਂ ਰੱਖੋ, ਹਵਾ ਬਾਹਰ ਕੱਢਣ ਲਈ ਚਿਮਨੀ ਜਾਂ ਪੱਖਾ ਜ਼ਰੂਰ ਚਲਾਓ।

ਅਲਕੋਹਲ, ਚਾਹ-ਕੌਫੀ, ਪੈਕਡ ਡ੍ਰਿੰਕ ਅਤੇ ਵਾਧੂ ਮਿੱਠੇ ਪੀਣ ਵਾਲੇ ਪਦਾਰਥਾਂ ਤੋਂ ਪਰਹੇਜ਼ ਕਰੋ, ਕਿਉਂਕਿ ਇਹ ਅਸਲ 'ਚ ਸਰੀਰ ਦੇ ਤਰਲ ਪਦਾਰਥਾਂ ਦੀ ਮਾਤਰਾ ਘਟਾ ਦਿੰਦੇ ਹਨ। ਤਲੇ ਹੋਏ ਭੋਜਨ ਤੋਂ ਪਰਹੇਜ਼ ਕਰੋ, ਬਾਸੀ ਭੋਜਨ ਨਾ ਖਾਓ। ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਤਾਲਾਬੰਦ ਵਾਹਨ 'ਚ ਨਾ ਛੱਡੋ।

**ਅਜਿਹੇ ਲੱਛਣ ਦਿਸਣ ਤਾਂ ਤੁਰੰਤ ਡਾਕਟਰੀ ਸਹਾਇਤਾ ਲਓ** : ਮਾਨਸਿਕ ਸੰਤੁਲਨ 'ਚ ਬਦਲਾਅ, ਬੇਚੈਨੀ, ਬੋਲਣ 'ਚ ਮੁਸ਼ਕਿਲ, ਚਿੜਚਿੜਾਪਨ, ਹਕਲਾ ਤੇ ਬੋਲਣਾ ਅਤੇ ਦੌਰੇ ਆਦਿ ਨਾਲ ਬੋਲਣਾ। ਗਰਮ, ਲਾਲ ਅਤੇ ਖੁਸ਼ਕ ਚਮੜੀ। ਜਦੋਂ ਸਰੀਰ ਦਾ ਤਾਪਮਾਨ 40 ਡਿਗਰੀ ਜਾਂ ਇਸ ਤੋਂ ਵੱਧ ਜਾਂਦਾ ਹੈ।

ਗੰਭੀਰ ਸਿਰ ਦਰਦ, ਚਿੰਤਾ, ਚੱਕਰ ਆਉਣੇ, ਬੇਹੋਸ਼ੀ, ਮਾਸਪੇਸ਼ੀਆਂ ਦੀ ਕਮਜ਼ੋਰੀ ਜਾਂ ਖਿਚਾਵ ਇਕ ਘੰਟੇ ਤੋਂ ਵੱਧ ਸਮੇਂ ਤੱਕ ਰਹਿੰਦੀ ਹੈ। ਉਲਟੀਆਂ (ਜੀਅ ਮਚਲਾਣਾ-ਘਬਰਾਹਟ ਆਦਿ)। ਦਿਲ ਦੀ ਧੜਕਣ ਤੇਜ਼ ਹੋਣਾ। ਲੂਣ ਤੋਂ ਬਚਣ ਲਈ ਸਿਹਤ ਵਿਭਾਗ ਵਲੋਂ ਜਾਰੀ ਸੁਝਾਅ, ਸਾਵਧਾਨੀਆਂ ਤੇ ਘਰੇਲੂ ਨੁਕਤੇ ਯਾਦ ਰੱਖੋ ਅਤੇ ਵਧੇਰੇ ਜਾਣਕਾਰੀ ਲਈ ਨੇੜੇ ਦੇ ਸਿਹਤ ਕੇਂਦਰ ਜਾਂ ਟੋਲ ਫਰੀ ਨੰਬਰ 104 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਸਰੀਰ ਲਈ ਬਹੁਤ ਲਾਹੇਵੰਦ ਹੁੰਦੀਆਂ ਹਨ ਇਹ ਸਬਜ਼ੀਆਂ ਕੈਂਸਰ ਵਰਗੀ ਬੀਮਾਰੀ ਤੋਂ ਰਖਦੀਆਂ ਹਨ ਦੂਰ

ਫਲ ਅਤੇ ਸਬਜ਼ੀਆਂ ਤੁਹਾਨੂੰ ਕੈਂਸਰ ਤੋਂ ਬਚਾ ਸਕਦੀਆਂ ਹਨ। ਘਰ ਦੇ ਵੱਡੇ ਵਡੇਰੇ ਬੱਚਿਆਂ ਨੂੰ ਸਬਜ਼ੀ ਖਾਣ ਦੀ ਨਸੀਹਤ ਦਿੰਦੇ ਹਨ। ਸਬਜ਼ੀਆਂ ਨੂੰ ਦੇਖਦੇ ਹੀ ਬੱਚੇ ਅਤੇ ਕਈ ਵੱਡੇ ਬਹਾਨੇ ਬਣਾਉਣੇ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਸਬਜ਼ੀਆਂ ਵਿਟਾਮਿਨ, ਖਣਿਜ ਪਦਾਰਥ ਅਤੇ ਐਂਟੀ-ਆਕਸੀਡੈਂਟ ਨਾਲ ਭਰਪੂਰ ਹੁੰਦੀਆਂ ਹਨ। ਇਨ੍ਹਾਂ ਦੀ ਅਣਦੇਖੀ ਨਾਲ ਸਰੀਰ ਵਿਚ ਕਈ ਤਰ੍ਹਾਂ ਦੀਆਂ ਕਮੀਆਂ ਆਉਣ ਲਗਦੀਆਂ ਹਨ। ਪ੍ਰੋਟੀਨ, ਫਾਈਬਰਜ਼ ਅਤੇ ਮਿਨਰਲਜ਼ ਨਾਲ ਭਰਪੂਰ ਸਬਜ਼ੀਆਂ ਜਵਾਨ ਅਤੇ ਸਿਹਤਮੰਦ ਰੱਖਣ ਵਿਚ ਮਦਦਗਾਰ ਹਨ ਦਰਅਸਲ ਫਲਾਂ ਅਤੇ ਸਬਜ਼ੀਆਂ ਵਿਚ ਭਰਪੂਰ ਰੇਸ਼ੇ ਹੁੰਦੇ ਹਨ। ਇਨ੍ਹਾਂ ਨੂੰ ਖਾਣ ਨਾਲ ਤੁਸੀਂ ਭਾਰ ਘਟਾਉਣ ਦੇ ਨਾਲ-ਨਾਲ ਕੈਂਸਰ ਵਰਗੀਆਂ ਵੱਡੀਆਂ ਬੀਮਾਰੀਆਂ ਤੋਂ ਬਚ ਸਕਦੇ ਹੋ। ਸਬਜ਼ੀਆਂ ਵਿਚ ਕਈ ਕਿਸਮਾਂ ਦੇ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਮਿਲਦੇ ਹਨ। ਇਸੇ ਲਈ ਇਨ੍ਹਾਂ ਸਬਜ਼ੀਆਂ ਨੂੰ ਜ਼ਰੂਰ ਖਾਣਾ ਚਾਹੀਦਾ ਹੈ।

**ਹਰੀਆਂ ਫਲੀਆਂ** : ਹਰੀਆਂ ਫਲੀਆਂ ਵਿਚ ਫਾਈਬਰ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਖੋਜ ਅਨੁਸਾਰ ਫਲੀਆਂ ਦੀ ਸਬਜ਼ੀ ਖਾਣ ਨਾਲ ਕੋਲੋਰੇਟਲ ਕੈਂਸਰ ਦੀ ਰੋਕਥਾਮ ਸੰਭਵ ਹੋ ਜਾਂਦੀ ਹੈ।

**ਕਰੇਲਾ** : ਕੌੜਾ ਕਰੇਲਾ ਸਿਹਤ ਲਈ ਬਹੁਤ ਜ਼ਿਆਦਾ ਫਾਇਦੇਮੰਦ ਹੁੰਦਾ ਹੈ। ਤੇਜ਼ੀ ਨਾਲ ਭਾਰ ਘਟਾਉਣਾ ਚਾਹੁੰਦੇ ਹੋ ਤਾਂ ਕਰੇਲੇ ਦੀ ਵਰਤੋਂ ਕਰੋ। ਇਸ ਨਾਲ ਸ਼ੂਗਰ ਅਤੇ ਕਬਜ਼ ਤੋਂ ਵੀ ਰਾਹਤ ਮਿਲਦੀ ਹੈ।

**ਬਰੋਕਲੀ** : ਬ੍ਰੋਕਲੀ ਨੂੰ ਦੁਨੀਆਂ ਦੀਆਂ ਸਭ ਤੋਂ ਸਿਹਤਮੰਦ ਸਬਜ਼ੀਆਂ 'ਚੋਂ ਇਕ ਮੰਨੀ ਜਾਂਦੀ ਹੈ। ਦਰਅਸਲ ਆਈਸੋਥਾਓਸਾਈਲੇਟ ਬ੍ਰੋਕਲੀ ਵਿਚ ਮਿਲਦਾ ਹੈ, ਜੋ ਤੁਹਾਡੇ ਸਰੀਰ ਵਿਚ ਕੈਂਸਰ ਸੈੱਲਾਂ ਨੂੰ ਵਧਣ ਤੋਂ ਰੋਕਦਾ ਹੈ ਅਤੇ ਸਰੀਰ ਵਿਚ ਮੌਜੂਦ ਗੰਦਗੀ ਨੂੰ ਸਾਫ ਕਰਦਾ ਹੈ।

**ਗਾਜਰ** : ਗਾਜਰ ਵਿਚ ਵਿਟਾਮਿਨ ਅਤੇ ਐਂਟੀਆਕਸੀਡੈਂਟ ਕਾਫੀ ਮਾਤਰਾ ਵਿਚ ਮਿਲਦੇ ਹਨ। ਗਾਜਰਾਂ ਵਿਟਾਮਿਨ-ਏ, ਵਿਟਾਮਿਨ-ਕੇ ਅਤੇ ਬੀਟਾ ਕੈਰੋਟੀਨ ਦਾ ਵਧੀਆ ਸਰੋਤ ਹਨ। ਇਸ ਨੂੰ ਖਾਣ ਨਾਲ ਖੂਨ ਦੀ ਮਾਤਰਾ ਵਧਦੀ ਹੈ।

**ਲੱਸਣ** : ਲੱਸਣ ਵਿਚ ਸਲਫਰ ਮਿਲਦਾ ਹੈ, ਜੋ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ ਵਿਚ ਮਦਦ ਕਰਦਾ ਹੈ। ਆਪਣੀ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ ਨਾਲ ਤੁਸੀਂ ਕੈਂਸਰ ਦੇ ਨਾਲ-ਨਾਲ ਸਾਰੀਆਂ ਬੀਮਾਰੀਆਂ ਤੋਂ ਬਚ ਸਕਦੇ ਹੋ।

**ਟਮਾਟਰ** : ਟਮਾਟਰ ਵਿਚਲਾ 'ਲਾਈਕੋਪੀਨ' ਤੱਤ ਇਕ ਖਾਸ ਐਂਟੀਆਕਸੀਡੈਂਟ ਹੈ, ਜੋ ਅਲਫਾ ਕੈਰੋਟੀਨ, ਬੀਟਾ ਕੈਰੋਟੀਨ ਅਤੇ ਵਿਟਾਮਿਨ-ਈ ਨਾਲੋਂ ਮਜ਼ਬੂਤ ਮੰਨਿਆ ਜਾਂਦਾ ਹੈ। ਇਹ ਤੁਹਾਡੇ, ਸਰੀਰ ਨੂੰ ਕਈ ਤਰ੍ਹਾਂ ਦੇ ਕੈਂਸਰਾਂ ਤੋਂ ਬਚਾਉਂਦਾ ਹੈ।

**ਕੱਦੂ** : ਕੱਦੂ ਦਾ ਨਾਂ ਸੁਣਦੇ ਹੀ ਲੋਕ ਇਸ ਤੋਂ ਦੂਰ ਭਜਦੇ ਹਨ ਪਰ ਇਸ ਵਿਚ ਫਾਲਿਕ ਐਸਿਡ, ਵਿਟਾਮਿਨ-ਸੀ, ਜ਼ਿੰਕ ਅਤੇ ਮੈਗਨੀਜ਼ ਭਰਪੂਰ ਮਾਤਰਾ ਵਿਚ ਸ਼ਾਮਲ ਹੁੰਦੇ ਹਨ। ਇਹ ਚਮੜੀ ਅਤੇ ਹੱਡੀਆਂ ਲਈ ਬਹੁਤ ਫਾਇਦੇਮੰਦ ਹੁੰਦਾ ਹੈ।

**ਬੈਂਗਣ** : ਫਾਈਬਰ ਨਾਲ ਭਰਪੂਰ ਬੈਂਗਣ ਕੈਲੇਸਟਰੋਲ ਲੈਵਲ ਨੂੰ ਘਟਾਉਣ ਦਾ ਕੰਮ ਕਰਦਾ ਹੈ। ਇਸ ਤੋਂ ਇਲਾਵਾ ਬਲੱਡ ਸ਼ੂਗਰ ਦੇ ਮਰੀਜ਼ਾਂ ਲਈ ਵੀ ਇਹ ਬਹੁਤ ਫਾਇਦੇਮੰਦ ਹੁੰਦਾ ਹੈ।

**ਭਿੰਡੀ** : ਭਿੰਡੀ ਵਿਚ ਫਾਈਬਰ ਦੀ ਭਰਪੂਰ ਮਾਤਰਾ ਹੁੰਦੀ ਹੈ ਅਤੇ ਸੋਡੀਅਮ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਇਹ ਕੈਲੋਰੀ ਨੂੰ ਘੱਟ ਕਰਨ ਵਿਚ ਮਦਦਗਾਰ ਹੈ। ਇਸ ਤੋਂ ਇਲਾਵਾ ਬਲੱਡ ਪ੍ਰੈਸ਼ਰ ਅਤੇ ਦਿਲ ਦੇ ਮਰੀਜ਼ਾਂ ਲਈ ਇਹ ਸਬਜ਼ੀ ਬਹੁਤ ਲਾਭਕਾਰੀ ਹੁੰਦੀ ਹੈ।



ਲੋਕ ਸਭਾ ਚੋਣਾਂ

# ਪੰਜਾਬ ਦੀ ਖੇਤੀ ਵਿਭਿੰਨਤਾ ਦਾ ਮੁੱਦਾ ਉਭਾਰਨਾ ਜ਼ਰੂਰੀ

**ਕੇਂਦਰ ਸਰਕਾਰ ਵਲੋਂ ਜੇਕਰ ਪਿਛਲੇ ਸਾਲਾਂ ਦੌਰਾਨ ਪਾਮਆਇਲ ਵਾਲੀ ਕੇਂਦਰੀ ਸਕੀਮ ਦੀ ਬਜਾਏ 7 ਏਕੜ ਤੱਕ ਦੇ ਕਿਸਾਨਾਂ ਲਈ ਸਰ੍ਹੋਂ, ਸੂਰਜਮੁਖੀ, ਕਪਾਹ ਅਤੇ ਮੂੰਗਫਲੀ ਆਦਿ ਤੇਲਬੀਜ ਫਸਲਾਂ ਦੀ ਐਮ. ਐਸ. ਪੀ. ਦੁੱਗਣੀ ਅਤੇ ਗਾਰੰਟੀ ਵਾਲੀ ਕੀਤੀ ਜਾਂਦੀ ਤਾਂ ਬਾਹਰਲੇ ਦੇਸ਼ਾਂ ਤੋਂ ਮੰਗਵਾਏ ਜਾਂਦੇ ਖੁਰਾਕੀ ਤੇਲਾਂ 'ਤੇ ਖਰਚ ਆਉਂਦੀ ਦੇਸ਼ ਦੀ ਵੱਡੀ ਧਨ ਰਾਸ਼ੀ ਨੂੰ ਬਚਾ ਕੇ ਭਾਰਤੀ ਅਰਥਚਾਰਾ ਮਜ਼ਬੂਤ ਕੀਤਾ ਜਾ ਸਕਦਾ ਸੀ, ਦੂਸਰਾ ਦੇਸ਼ ਦਾ ਅੰਨ ਭੰਡਾਰ ਭਰਨ ਉਪਰੰਤ ਖੇਤੀ ਦੇ ਧੰਦੇ 'ਚੋਂ ਘਾਟੇ ਦਾ ਸ਼ਿਕਾਰ ਹੋਏ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕਿਸਾਨਾਂ ਨੂੰ ਨਿਰ-ਉਤਸ਼ਾਹਿਤ ਹੋਣ ਤੋਂ ਬਚਾਇਆ ਜਾ ਸਕਦਾ ਸੀ। ਦੇਸ਼ ਦੇ ਖਪਤਕਾਰਾਂ ਨੂੰ ਪਾਮਆਇਲ ਦੀ ਬਜਾਏ ਚੰਗੇ ਮਿਆਰ ਵਾਲੇ ਖੁਰਾਕੀ ਤੇਲ ਮੁਹੱਈਆ ਕਰਵਾਏ ਜਾ ਸਕਦੇ ਸਨ, ਜਿਸ ਨਾਲ ਮਨੁੱਖੀ ਸਿਹਤ ਲਈ ਚੰਗਾ ਅਸਰ ਪੈਣ ਉਪਰੰਤ ਦਵਾਈਆਂ ਦੀ ਖਪਤ ਘਟਾਈ ਜਾ ਸਕਦੀ ਸੀ। ਜੇਕਰ ਮੁੜ ਤੇਲ ਬੀਜਾਂ ਦੀ ਖੇਤੀ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਤਾਂ ਕਣਕ, ਝੋਨੇ ਹੇਠੋਂ ਰਕਬਾ ਕੱਢ ਕੇ ਧਰਤੀ ਹੇਠਲੇ ਪਾਣੀ ਦੀ ਸਥਿਤੀ ਵਿਚ ਸੁਧਾਰ ਕੀਤਾ ਜਾ ਸਕਦਾ ਹੈ।**

ਅਤੀਤ ਦੌਰਾਨ ਭਾਰਤ ਦੇ ਅਨਾਜ ਸੰਕਟ ਸਮੇਂ ਛੋਟੇ ਖੇਤਰਫਲ ਵਾਲੇ ਸੂਬੇ ਪੰਜਾਬ ਨੇ ਸੰਕਟ ਮੋਚਨ ਦੀ ਭੂਮਿਕਾ ਨਿਭਾਈ। ਅੱਜ ਸਾਡਾ ਦੇਸ਼ ਅਨਾਜ ਪੱਖੋਂ ਪੂਰੀ ਤਰ੍ਹਾਂ ਸਵੈਨਿਰਭਰ ਹੈ। ਦੂਜੇ ਪਾਸੇ ਦੇਸ਼ ਦੀ ਅੰਨ ਵਿਵਸਥਾ ਨੂੰ ਮਜ਼ਬੂਤ ਕਰਨ ਵਾਲਾ ਪੰਜਾਬ ਸਿਰਫ ਕਣਕ-ਝੋਨੇ ਵਾਲਾ ਦੋ ਫਸਲੀ ਸੂਬਾ ਬਣ ਕੇ ਰਹਿ ਗਿਆ ਹੈ, ਜਿਸ ਕਰਕੇ ਸੂਬੇ ਦਾ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ, ਇਥੋਂ ਦੀ ਧਰਤੀ ਬੰਜਰ ਹੋਣ ਦੇ ਸੰਕੇਤ ਦੇ ਰਹੀ ਹੈ। ਕਿਸੇ ਸਮੇਂ ਪੰਜਾਬ ਦੇ ਖੇਤਾਂ ਦਾ ਸ਼ਿੰਗਾਰ ਰਹੀਆਂ ਘੱਟ ਪਾਣੀ ਦੀ ਖਪਤ ਵਾਲੀਆਂ ਵਿਭਿੰਨ ਫਸਲਾਂ ਸਰ੍ਹੋਂ, ਸੂਰਜਮੁਖੀ, ਮੂੰਗਫਲੀ, ਤਾਰਾਮੀਰਾ, ਤੋਰੀਆ, ਛੋਲੇ, ਮੂੰਗੀ ਅਤੇ ਮੋਠ ਆਦਿ ਦੀ ਕਾਸ਼ਤ ਦਾ ਪਤਨ ਹੋ ਰਿਹਾ ਹੈ। ਪੰਜਾਬ ਦੀ ਖੇਤੀ ਵਿਭਿੰਨਤਾ ਨੂੰ ਸੂਬੇ ਦੇ ਜ਼ਰੱਈ ਭਵਿੱਖ ਅਤੇ ਦੇਸ਼ ਦੇ ਅਰਥਚਾਰੇ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਦੇਸ਼ ਵਿਚ ਲੋਕ ਸਭਾ ਚੋਣਾਂ ਦੀਆਂ ਚੱਲ ਰਹੀਆਂ ਸਰਗਰਮੀਆਂ ਦੇ ਮੱਦੇਨਜ਼ਰ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਮੱਸਲੇ ਅਤੇ ਮੌਜੂਦਾ ਫਸਲ ਚੱਕਰ ਨੂੰ ਬਦਲਣ ਦਾ ਮੁੱਦਾ ਉਭਾਰਨਾ ਸਮੇਂ ਦੀ ਲੋੜ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ ਆਪਣਾ ਦੂਜਾ ਕਾਰਜਕਾਲ ਪੂਰਾ ਕਰ ਚੁੱਕੀ ਹੈ। ਬੀਤੇ 5 ਸਾਲਾਂ ਦੌਰਾਨ ਕੇਂਦਰ ਸਰਕਾਰ ਨੇ ਦੇਸ਼ ਦੀਆਂ ਖੇਤੀ ਤਰਜੀਹਾਂ, ਖੁਰਾਕੀ ਲੋੜਾਂ, ਧਰਤੀ ਹੇਠਲੇ ਪਾਣੀ ਦੀ ਸੰਭਾਲ ਅਤੇ ਕਿਸਾਨੀ ਨੂੰ ਸਹਾਰਾ ਦੇਣ ਲਈ ਕਿਹੜੀਆਂ ਯੋਜਨਾਵਾਂ ਬਣਾਈਆਂ ਅਤੇ ਕੇਂਦਰੀ ਯੋਜਨਾਵਾਂ ਵਿਚ ਪੰਜਾਬ ਨੂੰ ਕਿੰਨਾ ਕੁ ਨਜ਼ਰਅੰਦਾਜ਼ ਰੱਖਿਆ ਗਿਆ ? ਬਾਰੇ ਵੀ ਵਿਚਾਰ ਚਰਚਾ ਕਰਨੀ ਬਣਦੀ ਹੈ।

ਕੇਂਦਰ ਸਰਕਾਰ ਵਲੋਂ ਦੇਸ਼ ਨੂੰ ਖੁਰਾਕੀ ਤੇਲਾਂ ਪੱਖੋਂ ਸਵੈਨਿਰਭਰ ਬਣਾਉਣ ਦੇ ਨਾਅਰੇ ਹੇਠ ਅਗਸਤ 2021 'ਚ ਰਾਸ਼ਟਰੀ ਖੁਰਾਕੀ ਤੇਲ ਮਿਸ਼ਨ ਸ਼ੁਰੂ ਕੀਤਾ ਗਿਆ, ਜੋ ਕਿ ਉੱਤਰੀ ਭਾਰਤ ਦੇ ਖੇਤੀ ਕਾਸ਼ਤਕਾਰਾਂ, ਖਾਸ ਕਰਕੇ ਪੰਜਾਬ ਦੀ ਕਿਸਾਨੀ ਨਾਲ ਸਰਾਸਰ ਅਨਿਆਂ ਹੈ। ਇਸ ਰਾਸ਼ਟਰੀ ਖੁਰਾਕੀ ਤੇਲ ਮਿਸ਼ਨ ਤਹਿਤ ਕੇਂਦਰ ਸਰਕਾਰ ਨੇ ਮੁੱਢਲੇ ਦੌਰ ਵਿਚ 11040 ਕਰੋੜ ਰੁਪਏ ਦੀ ਰਾਸ਼ੀ



ਖਰਚ ਕੇ ਆਂਧਰਾ ਪ੍ਰਦੇਸ਼, ਤੇਲੰਗਾਨਾ, ਛਤੀਸਗੜ੍ਹ, ਤਾਮਿਲਨਾਡੂ, ਕੇਰਲਾ, ਗੁਜਰਾਤ, ਕਰਨਾਟਕਾ, ਓਡੀਸ਼ਾ, ਮਿਜ਼ੋਰਮ, ਨਾਗਾਲੈਂਡ, ਆਸਾਮ ਅਤੇ ਅਰੁਣਾਚਲ ਪ੍ਰਦੇਸ਼ ਰਾਜਾਂ ਦੇ 3,15,000 ਹੈਕਟੇਅਰ ਰਕਬੇ (ਜਿਸ ਵਿਚ ਜੰਗਲਾਤ ਵਾਲਾ ਖੇਤਰ ਵੀ ਸ਼ਾਮਿਲ ਹੈ) ਵਿਚ ਪਾਮਆਇਲ ਦੇ ਰੁੱਖ ਲਾਉਣ ਦਾ ਪ੍ਰੋਜੈਕਟ ਸ਼ੁਰੂ ਕੀਤਾ ਸੀ। ਵਾਤਾਵਰਨ ਸੰਬੰਧੀ ਅੰਤਰ ਸਰਕਾਰੀ ਕਮੇਟੀ ਇਸ ਦੇ ਹੱਕ ਵਿਚ ਨਹੀਂ ਸੀ, ਕਿਉਂਕਿ ਪਹਿਲਾਂ ਕੀਤੇ ਗਏ ਬਹੁਤ ਸਾਰੇ ਅਧਿਐਨਾਂ ਮੁਤਾਬਿਕ ਇਹ 'ਕਾਰਜ' ਵਾਤਾਵਰਨ ਦੀ ਸ਼ੁੱਧਤਾ ਦੇ ਪੱਖ ਤੋਂ ਅਨੁਕੂਲ ਨਹੀਂ ਸੀ, ਦੂਜੇ ਪਾਸੇ ਪਾਮਆਇਲ ਦੇ ਤੇਲਾਂ ਨੂੰ ਜਨਤਕ ਪੱਧਰ ਦੇ ਖੁਰਾਕੀ ਨਿਰੀਖਣ ਵਾਲੇ ਨਜ਼ਰੀਏ ਤੋਂ ਮਿਲਾਵਟਖੋਰੀ ਦੇ 'ਬਾਜ਼ਾਰ' ਵਿਚ ਖਪਤ ਵਾਲੀ ਵਸਤੂ ਸਮਝਿਆ ਜਾਂਦਾ ਹੈ, ਇਸ ਨੂੰ ਖਾਣਾ ਸਿਹਤ ਲਈ ਵੀ ਸਹੀ ਨਹੀਂ ਮੰਨਿਆ ਜਾਂਦਾ, ਕਿਉਂਕਿ ਇਸ ਦਾ ਖੁਰਾਕੀ ਮਿਆਰ ਸਰ੍ਹੋਂ ਅਤੇ ਸੂਰਜਮੁਖੀ ਆਦਿ ਬਨਸਪਤੀ ਦੇ ਤੇਲਾਂ ਦੇ ਬਰਾਬਰ ਦਾ ਵੀ ਕਦੇ ਨਹੀਂ ਮੰਨਿਆ ਗਿਆ। ਦੱਖਣੀ, ਪੂਰਬੀ ਅਤੇ ਪੱਛਮੀ ਰਾਜਾਂ ਦੇ ਕਿਸਾਨਾਂ ਨੂੰ ਇਸ ਦਾ ਲਾਭ ਭਾਵੇਂ ਕਿੰਨਾ ਵੀ ਹੋਵੇ, ਪਰ ਇਸ ਵੱਡੇ ਬਜਟ ਵਾਲੀ ਕੇਂਦਰੀ ਸਕੀਮ ਦਾ ਪੰਜਾਬ ਸਮੇਤ ਉੱਤਰੀ ਭਾਰਤ ਦੇ ਕਿਸਾਨਾਂ ਨਾਲ ਕੋਈ ਸਰੋਕਾਰ ਨਹੀਂ ਹੈ, ਜਿਸ ਤਰ੍ਹਾਂ ਕਈ ਦਹਾਕੇ ਪਹਿਲਾਂ ਪੰਜਾਬ ਵਿਚ ਝੋਨੇ ਦੀ ਖੇਤੀ ਨੂੰ ਵਿਕਸਿਤ ਕਰਨ ਦੇ ਤਾਂ ਰਾਹ ਤਲਾਸ਼ ਲਏ ਗਏ ਸਨ, ਪਰ ਹੁਣ ਪਰਾਲੀ ਦੀ ਸਮੱਸਿਆ ਅਤੇ ਧਰਤੀ ਹੇਠਲਾ ਜਲ ਸੰਕਟ ਆਉਣ 'ਤੇ ਇਸ ਤੋਂ ਬਦਲਵੀਂ ਖੇਤੀ ਲਈ ਅਜੇ ਕੋਈ ਹੋਰ ਫਸਲ ਲੱਭਣੀ ਖੇਤੀ ਮਾਹਿਰਾਂ ਲਈ ਇਕ ਵੱਡੀ ਚੁਣੌਤੀ ਬਣੀ ਹੋਈ ਹੈ। ਉਸੇ ਤਰ੍ਹਾਂ ਹੀ ਦੱਖਣੀ, ਪੂਰਬੀ ਅਤੇ ਪੱਛਮੀ ਰਾਜਾਂ ਵਿਚ ਜੰਗਲਾਂ ਦੀ ਥਾਂ 'ਤੇ ਲਗਾਏ ਪਾਮਆਇਲ ਤੋਂ ਸਮੱਸਿਆ ਆਉਣ ਉਪਰੰਤ ਸੌਖੀ ਨਹੀਂ ਹੋਵੇਗੀ ਅਤੇ ਦੱਖਣ ਪੱਛਮੀ ਰਾਜਾਂ ਵਿਚ ਸ਼ੁਰੂ ਕਰਵਾਈ ਜਾ ਰਹੀ ਪਾਮਆਇਲ ਦੀ ਕਾਸ਼ਤ ਵਾਤਾਵਰਨ ਪੱਖੋਂ ਵੀ ਸਮੱਸਿਆ ਬਣ ਜਾਵੇਗੀ, ਜਿਵੇਂ ਅੱਜਕਲ੍ਹ ਪੰਜਾਬ ਲਈ ਝੋਨਾ ਸਮੱਸਿਆ ਬਣ ਗਿਆ ਹੈ।

ਪੰਜਾਬ ਵਿਚ ਗਵਰਨਰੀ ਰਾਜ ਦੌਰਾਨ ਡਾ. ਮਨੋਹਰ ਸਿੰਘ ਗਿੱਲ ਦੇ ਵਿਕਾਸ ਕਮਿਸ਼ਨਰ (ਖੇਤੀਬਾੜੀ) ਹੁੰਦਿਆਂ ਸੰਨ 1987-88 'ਚ ਦੇਸ਼ ਨੂੰ ਖੁਰਾਕੀ ਤੇਲਾਂ ਪੱਖੋਂ ਸਵੈਨਿਰਭਰ ਬਣਾਉਣ ਲਈ ਪੀਲੀ ਕ੍ਰਾਂਤੀ ਦਾ ਸੱਦਾ ਦਿੱਤਾ ਗਿਆ ਸੀ, ਜਿਸ ਨੂੰ ਪੰਜਾਬ ਦੇ ਕਿਸਾਨਾਂ ਨੇ ਪ੍ਰਵਾਨ ਕਰਦਿਆਂ ਸਰ੍ਹੋਂ, ਸੂਰਜਮੁਖੀ, ਨਰਮਾ-ਕਪਾਹ, ਮੂੰਗਫਲੀ ਅਤੇ ਤੋਰੀਆ ਆਦਿ ਦੀ ਕਾਸ਼ਤ ਦਾ ਦਾਇਰਾ ਕਾਫੀ ਵਧਾਇਆ ਸੀ। 90ਵਿਆਂ ਦੇ ਦਹਾਕੇ ਵਿਚ ਤੇਲ ਬੀਜ ਵਾਲੀਆਂ ਉਕਤ ਫਸਲਾਂ ਦਾ ਰਕਬਾ ਲਗਭਗ 5 ਲੱਖ ਏਕੜ ਨੂੰ ਪਾਰ ਕਰ ਗਿਆ ਸੀ। ਸੰਨ 1993-94 ਦੌਰਾਨ ਭਾਰਤ ਦੇਸ਼ ਖੁਰਾਕੀ ਤੇਲਾਂ ਦੀ ਕੁੱਲ ਖਪਤ ਦਾ 97 ਫੀਸਦੀ ਹਿੱਸਾ ਪੈਦਾ ਕਰਕੇ ਮਿਆਰੀ ਖੁਰਾਕ ਵਾਲੇ ਤੇਲ-ਬੀਜਾਂ ਦੀ ਕਾਸ਼ਤ ਪੱਖੋਂ ਲਗਭਗ ਸਵੈਨਿਰਭਰ ਹੋ ਗਿਆ ਸੀ, ਪਰ ਥੋੜ੍ਹੇ ਸਾਲਾਂ ਬਾਅਦ ਡਬਲਿਊ. ਟੀ. ਓ ਦੀਆਂ ਸ਼ਰਤਾਂ ਅਨੁਸਾਰ ਭਾਰਤ ਸਰਕਾਰ ਵਲੋਂ ਖੁਰਾਕੀ ਤੇਲਾਂ 'ਤੇ ਦਰਾਮਦੀ ਕਰ ਡਿਊਟੀ ਘਟਾਉਣ ਉਪਰੰਤ ਬਾਹਰਲੇ ਦੇਸ਼ਾਂ ਤੋਂ ਮੰਗਵਾਏ ਸਸਤੇ ਅਤੇ ਨੀਵੇਂ ਮਿਆਰ ਵਾਲੇ ਖੁਰਾਕੀ ਤੇਲਾਂ ਨੇ ਉੱਤਰੀ ਭਾਰਤ ਦੇ ਕਿਸਾਨਾਂ ਦੀਆਂ ਤੇਲ ਬੀਜ ਵਾਲੀਆਂ ਜਿਣਸਾਂ ਬੇਹੱਦ ਮੰਦੀਆਂ ਕਰ ਦਿੱਤੀਆਂ। ਸਿੱਟੇ ਵਜੋਂ ਕਿਸਾਨ ਤੇਲ ਬੀਜ ਫਸਲਾਂ ਦੀ ਕਾਸ਼ਤ ਤੋਂ ਹੱਥ ਖੜ੍ਹੇ ਕਰਕੇ ਕਣਕ-ਝੋਨੇ ਦੇ ਫਸਲੀ ਚੱਕਰ ਵੱਲ ਕੇਂਦਰਿਤ ਹੋ ਗਏ। ਉੱਤਰੀ ਭਾਰਤ ਵਿਚ ਖੁਰਾਕੀ ਤੇਲ ਬੀਜਾਂ ਦੀ ਕਾਸ਼ਤ ਘੱਟ ਜਾਣ ਉਪਰੰਤ ਭਾਰਤ ਸਰਕਾਰ ਵਲੋਂ ਬਾਹਰਲੇ ਦੇਸ਼ਾਂ ਤੋਂ ਲਗਭਗ 76 ਹਜ਼ਾਰ ਕਰੋੜ ਦੀ ਰਾਸ਼ੀ ਖਰਚ ਕੇ ਖੁਰਾਕੀ ਤੇਲ ਦਰਾਮਦ ਕੀਤੇ ਜਾਂਦੇ ਹਨ। ਕੇਂਦਰ ਸਰਕਾਰ ਦੇ ਮੰਤਰੀ ਕਈ ਵਾਰ ਇਹ ਅਹਿਸਾਨ ਤਾਂ ਜ਼ਾਹਿਰ ਕਰ ਚੁੱਕੇ ਹਨ ਕਿ ਕੇਂਦਰ ਵਲੋਂ ਪੰਜਾਬ 'ਚੋਂ ਝੋਨਾ ਅਤੇ ਕਣਕ ਖਰੀਦਣ ਲਈ ਹਰ ਸਾਲ ਐਮ. ਐਸ. ਪੀ. ਤਹਿਤ ਲਗਭਗ 65000 ਤੋਂ 70000 ਕਰੋੜ ਰੁਪਏ ਦੀ ਸੀ. ਸੀ. ਐਲ ਜਾਰੀ ਕੀਤੀ ਜਾਂਦੀ ਹੈ, ਪਰ ਪੰਜਾਬ ਦੇ ਕਿਸਾਨਾਂ ਦਾ ਇਹ ਅਹਿਸਾਨ ਕੇਂਦਰ ਸਰਕਾਰ ਭੁੱਲ ਚੁੱਕੀ ਹੈ ਕਿ ਕਿਸੇ ਸਮੇਂ ਦੇਸ਼ ਨੂੰ ਉੱਚੇ ਮਿਆਰ ਵਾਲੇ ਖੁਰਾਕੀ ਤੇਲਾਂ ਪੱਖੋਂ ਸਵੈਨਿਰਭਰ ਬਣਾਉਣ ਵਿਚ ਮੋਹਰੀ ਵੀ ਪੰਜਾਬ ਦੇ ਕਿਸਾਨ ਹੀ ਸਨ, ਜੋ 90ਵਿਆਂ ਦੇ ਦਹਾਕਿਆਂ 'ਚ ਖੁਰਾਕੀ ਤੇਲ ਬੀਜ ਪੈਦਾ ਕਰਕੇ ਸੀ. ਸੀ. ਐਲ ਤੋਂ ਵੱਧ ਮੁੱਲ ਦੀ ਖੁਰਾਕੀ ਤੇਲ ਦਰਾਮਦ 'ਤੇ ਖਰਚ ਹੋਣ ਵਾਲੀ ਦੇਸ਼ ਦੀ ਮੁਦਰਾ ਨੂੰ ਬਚਾਉਂਦੇ ਸਨ।

ਕੇਂਦਰ ਸਰਕਾਰ ਵਲੋਂ ਜੇਕਰ ਪਿਛਲੇ ਸਾਲਾਂ ਦੌਰਾਨ ਪਾਮਆਇਲ ਵਾਲੀ ਕੇਂਦਰੀ ਸਕੀਮ ਦੀ ਬਜਾਏ 7 ਏਕੜ ਤੱਕ ਦੇ ਕਿਸਾਨਾਂ ਲਈ ਸਰ੍ਹੋਂ, ਸੂਰਜਮੁਖੀ, ਕਪਾਹ ਅਤੇ ਮੂੰਗਫਲੀ ਆਦਿ ਤੇਲਬੀਜ ਫਸਲਾਂ ਦੀ ਐਮ. ਐਸ. ਪੀ. ਦੁੱਗਣੀ ਅਤੇ ਗਾਰੰਟੀ ਵਾਲੀ ਕੀਤੀ ਜਾਂਦੀ ਤਾਂ ਬਾਹਰਲੇ ਦੇਸ਼ਾਂ ਤੋਂ ਮੰਗਵਾਏ ਜਾਂਦੇ ਖੁਰਾਕੀ ਤੇਲਾਂ 'ਤੇ ਖਰਚ ਆਉਂਦੀ ਦੇਸ਼ ਦੀ ਵੱਡੀ ਧਨ ਰਾਸ਼ੀ ਨੂੰ ਬਚਾ ਕੇ ਭਾਰਤੀ ਅਰਥਚਾਰਾ ਮਜ਼ਬੂਤ ਕੀਤਾ ਜਾ ਸਕਦਾ ਸੀ, ਦੂਸਰਾ ਦੇਸ਼ ਦਾ ਅੰਨ ਭੰਡਾਰ ਭਰਨ ਉਪਰੰਤ ਖੇਤੀ ਦੇ ਧੰਦੇ 'ਚੋਂ ਘਾਟੇ ਦਾ ਸ਼ਿਕਾਰ ਹੋਏ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕਿਸਾਨਾਂ ਨੂੰ ਨਿਰਉਤਸ਼ਾਹਿਤ ਹੋਣ ਤੋਂ ਬਚਾਇਆ ਜਾ ਸਕਦਾ ਸੀ। ਦੇਸ਼ ਦੇ ਖਪਤਕਾਰਾਂ ਨੂੰ ਪਾਮਆਇਲ ਦੀ ਬਜਾਏ ਚੰਗੇ ਮਿਆਰ ਵਾਲੇ ਖੁਰਾਕੀ ਤੇਲ ਮੁਹੱਈਆ ਕਰਵਾਏ ਜਾ ਸਕਦੇ ਸਨ, ਜਿਸ ਨਾਲ ਮਨੁੱਖੀ ਸਿਹਤ ਲਈ ਚੰਗਾ ਅਸਰ ਪੈਣ ਉਪਰੰਤ ਦਵਾਈਆਂ ਦੀ ਖਪਤ ਘਟਾਈ ਜਾ ਸਕਦੀ ਸੀ। ਜੇਕਰ ਮੁੜ ਤੇਲ ਬੀਜਾਂ ਦੀ ਖੇਤੀ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਤਾਂ ਕਣਕ, ਝੋਨੇ ਹੇਠੋਂ ਰਕਬਾ ਕੱਢ ਕੇ ਧਰਤੀ ਹੇਠਲੇ ਪਾਣੀ ਦੀ ਸਥਿਤੀ ਵਿਚ ਸੁਧਾਰ ਕੀਤਾ ਜਾ ਸਕਦਾ ਹੈ।

ਕੇਂਦਰ ਸਰਕਾਰ ਵਲੋਂ ਧਰਤੀ ਹੇਠਲੇ ਪਾਣੀ ਦੀ ਸੰਭਾਲ ਲਈ ਸਾਲ 2019-20 ਦੌਰਾਨ ਦੇਸ਼ ਦੇ ਲੋੜਵੰਦ ਸੂਬਿਆਂ ਵਿਚ 6 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਅਟਲ ਭੂਮੀ ਜਲ ਯੋਜਨਾ ਲਾਗੂ ਕੀਤੀ ਗਈ, ਜਿਸ ਵਿਚ 7 ਰਾਜਾਂ ਵਿਚ ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼, ਕਰਨਾਟਕਾ, ਮਹਾਂਰਾਸ਼ਟਰ, ਗੁਜਰਾਤ ਅਤੇ ਹਰਿਆਣਾ ਦੇ 78 ਜ਼ਿਲ੍ਹਿਆਂ ਨੂੰ ਸ਼ਾਮਿਲ ਕੀਤਾ ਗਿਆ। ਇਸ ਯੋਜਨਾ ਵਿਚ ਪੰਜਾਬ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਕੇ ਇੱਥੋਂ ਦਾ ਕੋਈ ਜ਼ਿਲ੍ਹਾ ਸ਼ਾਮਿਲ ਨਹੀਂ ਕੀਤਾ ਗਿਆ ਜਦੋਂ ਕਿ ਪੰਜਾਬ ਦੇ ਕੁੱਲ 150 ਬਲਾਕਾਂ ਵਿਚੋਂ 114 ਬਲਾਕਾਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਜਲ ਚੱਕਰ ਦੇ ਕੁਦਰਤੀ ਸੰਤੁਲਨ ਨਾਲੋਂ ਡੂੰਘਾ ਹੋ ਕੇ ਡਾਰਕ ਜ਼ੋਨ ਵਿਚ ਜਾ ਚੁੱਕਾ ਹੈ। ਸੂਬੇ ਦੇ 4 ਬਲਾਕਾਂ ਵਿਚ ਧਰਤੀ ਹੇਠਲੇ ਪਾਣੀ ਦੀ ਸਥਿਤੀ ਨਾਜ਼ੁਕ ਹੋ ਚੁੱਕੀ ਹੈ। ਸਿਰਫ 17 ਬਲਾਕਾਂ ਵਿਚ ਹੀ ਧਰਤੀ ਹੇਠਲੇ ਪਾਣੀ ਦੀ ਸਥਿਤੀ ਬਿਹਤਰ ਹੈ। ਇਸ ਦੇ ਬਾਵਜੂਦ ਪੰਜਾਬ ਨੂੰ ਪਾਣੀ ਦੀ ਸੰਭਾਲ ਵਾਲੀ ਕੇਂਦਰੀ ਯੋਜਨਾ ਵਿਚ ਸ਼ਾਮਿਲ ਨਾ ਕਰਨਾ ਅਤੇ ਇਥੋਂ ਦੀ ਲੀਡਰਸ਼ਿਪ ਵਲੋਂ ਇਸ ਵਿਰੁੱਧ ਜ਼ੋਰਦਾਰ ਆਵਾਜ਼ ਨਾ ਉੱਠ ਸਕਣਾ ਸੂਬੇ ਦੀ ਰਾਜਸੀ ਕਮਜ਼ੋਰੀ ਆਖੀ ਜਾ ਸਕਦੀ ਹੈ।

ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਨੂੰ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿਗਦੇ ਪੱਧਰ ਤੋਂ ਸੁਚੇਤ ਹੋ ਕੇ ਸੂਬੇ ਨਾਲ ਵਿਤਕਰਾ ਕਰਨ ਵਾਲੀਆਂ ਅਤੇ ਕੌਮੀ ਆਰਥਿਕਤਾ ਲਈ ਢੁੱਕਵੀਆਂ ਕੇਂਦਰੀ ਯੋਜਨਾਵਾਂ ਨੂੰ ਦਰੁਸਤ ਕਰਵਾਉਣ ਦਾ ਮੁੱਦਾ ਉੱਚੀ ਸੁਰ ਵਿਚ ਉਭਾਰਨਾ ਚਾਹੀਦਾ ਹੈ। ਦੇਸ਼ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਅਤੇ ਰਾਜ ਦੇ ਜਲ ਸਰੋਤਾਂ ਨੂੰ ਬਚਾਣ ਦਾ ਰਾਹ ਖੇਤੀ ਵਿਭਿੰਨਤਾ ਨੂੰ ਲਾਗੂ ਕਰਕੇ ਹੀ ਲੱਭਿਆ ਜਾ ਸਕਦਾ ਹੈ।



# ਚੋਣ ਪ੍ਰਚਾਰ ਵਿੱਚ ਭਾਰੂ ਹੋ ਰਹੀ ਚਿੱਕੜ ਰਾਜਨੀਤੀ

ਵੋਟਾਂ ਪੈਣ ਦਾ ਗੇੜ ਜਿਵੇਂ ਜਿਵੇਂ ਘੱਟ ਰਹੇ ਹਨ ਚੋਣ ਪ੍ਰਚਾਰ ਹੋਰ ਤੇਜ਼ ਹੋ ਰਿਹਾ ਹੈ । ਇਸ ਪ੍ਰਚਾਰ ਵਿਚ ਕੌਮੀ ਪੱਧਰ ਉੱਤੇ ਦੋਵਾਂ ਮੁੱਖ ਧਿਰਾਂ ਵਿਚ ਘਬਰਾਹਟ ਨਜ਼ਰ ਆ ਰਹੀ ਹੈ । ਇਸ ਪ੍ਰਚਾਰ ਦਾ ਸਾਰਾ ਜੋਰ ਇਕ ਦੂਜੇ ਵਿਚ ਨੁਕਸ ਕੱਢਣ ਅਤੇ ਬਦਨਾਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ । ਭਵਿੱਖ ਲਈ ਵਿਕਾਸ ਨੀਤੀਆਂ ਬਾਰੇ ਚਰਚਾ ਖਤਮ ਹੋ ਰਹੀ ਹੈ ਅਤੇ ਦੂਸ਼ਣਬਾਜੀ ਵਿਚ ਵਾਧਾ ਹੋ ਰਿਹਾ ਹੈ । ਇੰਝ ਰਾਜਨੀਤੀ ਦੀ ਥਾਂ ਚਿੱਕੜ ਨੀਤੀ ਭਾਰੂ ਹੋ ਰਹੀ ਹੈ। ਲੋਕਰਾਜ ਵਿਚ ਰਾਜਨੀਤਕ

ਡਾ. ਰਣਜੀਤ ਸਿੰਘ

ਪਾਰਟੀਆਂ ਦੀ ਵਿਸ਼ੇਸ਼ ਭੂਮਿਕਾ ਹੁੰਦਾ ਹੈ । ਰਾਜਨੀਤਕ ਪਾਰਟੀਆਂ ਦਾ ਆਧਾਰ ਦੇਸ਼ ਦੇ ਬਹੁਪੱਖੀ ਵਿਕਾਸ ਲਈ ਨੀਤੀ ਹੁੰਦਾ ਹੈ । ਪਿਛਲੀ ਸਦੀ ਦੇ ਅੱਧ ਵਿਚ ਜਦੋਂ ਸੰਸਾਰ ਵਿਚ ਗੁਲਾਮੀ ਦਾ ਦੌਰ ਖਤਮ ਹੋਇਆ ਉਦੋਂ ਆਜ਼ਾਦ ਹੋਏ ਦੇਸ਼ਾਂ ਦਾ ਰਾਜ ਪ੍ਰਬੰਧ ਚਲਾਉਣ ਲਈ ਕਈ ਨੀਤੀਆਂ ਵਿਕਸਤ ਹੋਈਆਂ। ਮੁੱਖ ਰੂਪ ਵਿਚ ਤਿੰਨ ਵਿਚਾਰਾਂ ਉੱਭਰ ਕੇ ਸਾਹਮਣੇ ਆਈਆਂ ਜਿਨ੍ਹਾਂ ਨੂੰ ਮੁੱਖ ਤੌਰ ਉੱਤੇ ਸੱਜੀ ਖੱਬੀ ਤੇ ਵਿਚਕਾਰਲੀ ਸੋਚ ਆਖਿਆ ਗਿਆ ਹੈ । ਸੱਜੇ ਪੱਖੀ ਜਾਂ ਸਰਮਾਏਦਾਰੀ ਸੋਚ ਦਾ ਮੋਹਰੀ ਅਮਰੀਕਾ ਬਣਿਆ । ਖੱਬੇ ਪੱਖੀ ਸੋਚ ਦਾ ਕਮਿਊਨਿਜ਼ਮ ਦਾ ਮੋਹਰੀ ਰੂਸ ਬਣਿਆ ਤੇ ਵਿਚਕਾਰਲੀ ਸੋਚ ਦਾ ਮੋਹਰੀ ਭਾਰਤ ਬਣਿਆ । ਇਸੇ ਅਧਾਰ ਉੱਤੇ ਰਾਜਨੀਤਕ ਪਾਰਟੀਆਂ ਹੋਂਦ ਵਿਚ ਆਈਆਂ । ਹੌਲੀ ਹੌਲੀ ਆਜ਼ਾਦੀ ਦੀ ਲੜਾਈ ਵਾਲੇ ਦੇਸ਼ ਭਗਤਾਂ ਦੀ ਗਿਣਤੀ ਖਤਮ ਹੋ ਗਈ ਤੇ ਇਨ੍ਹਾਂ ਦੀ ਥਾਂ ਉਹ ਵਿਅਕਤੀ ਲੈਣ ਲੱਗ ਪਏ ਜਿਹੜੇ ਰਾਜਨੀਤੀ ਵਿਚ ਸੇਵਾ ਲਈ ਨਹੀਂ ਸਗੋਂ ਤਾਕਤ ਦੀ ਪ੍ਰਾਪਤੀ ਲਈ ਆਏ । ਸੱਤਾ ਦਾ ਨਿੱਘ ਮਾਨਣ ਦੀ ਆਦਤ ਨੇ ਚੋਣਾਂ ਸੰਬੰਧੀ ਸੋਚ ਹੀ ਬਦਲ ਦਿੱਤੀ । ਹੁਣ ਚੋਣ ਲੜ ਰਹੇ ਉਮੀਦਵਾਰਾਂ ਦਾ ਮੁੱਖ ਮੰਤਵ ਕਿਸੇ ਨਾ ਕਿਸੇ ਢੰਗ ਨਾਲ ਚੋਣਾਂ ਵਿਚ ਜਿੱਤ ਪ੍ਰਾਪਤ ਕਰਨਾ ਹੈ ਜਿੱਤ ਪ੍ਰਾਪਤੀ ਤਾਂ ਵੋਟਾਂ ਨਾਲ ਹੀ ਹੋਣੀ ਹੈ । ਇੰਝ ਰਾਜਨੀਤੀ ਵੋਟ ਨੀਤੀ ਬਣ ਗਈ । ਵੋਟ ਪ੍ਰਾਪਤੀ ਲਈ ਵੋਟਰਾਂ ਨੂੰ ਲਾਲਚ ਦਿੱਤੇ ਜਾਂਦੇ ਹਨ, ਵੋਟਾਂ ਖਰੀਦੀਆਂ ਜਾਂਦੀਆਂ ਹਨ, ਧਰਮ



ਤੇ ਜਾਤ ਦੀ ਵਰਤੋਂ ਹੁੰਦੀ ਹੈ ਅਤੇ ਵਿਰੋਧੀਆਂ ਉੱਤੇ ਚਿੱਕੜ ਸੁੱਟਿਆ ਜਾਂਦਾ ਹੈ ।

ਸਾਡੇ ਦੇਸ਼ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਰਾਜ ਮੰਨਿਆ ਜਾਂਦਾ ਹੈ ਇਸੇ ਤਰ੍ਹਾਂ ਜਿਸ ਸੰਵੀਧਾਨ ਅਨੁਸਾਰ ਲੋਕਰਾਜ ਸਥਾਪਿਤ ਹੋਇਆ ਸੀ ਉਸ ਨੂੰ ਸੰਸਾਰ ਦਾ ਸਭ ਤੋਂ ਵਧੀਆ ਅਤੇ ਸੰਪੂਰਨ ਮੰਨਿਆ ਜਾਂਦਾ ਹੈ । ਇਸ ਵਿਚ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਇਨ੍ਹਾਂ ਕਿਸੇ ਭੇਦ ਭਾਵ ਤੋਂ ਬਰਾਬਰ ਦੇ ਅਧਿਕਾਰ ਦਿੱਤੇ ਗਏ ਹਨ । ਦੇਸ਼ ਨੂੰ ਗਣਤੰਤਰ ਬਣਿਆਂ ਸੱਤ ਦਹਾਕਿਆਂ ਤੋਂ ਵੱਧ ਦਾ ਸਮਾਂ ਹੋ ਗਿਆ ਹੈ । ਹੁਣ ਤੱਕ ਸਾਡੇ ਲੋਕਰਾਜ ਨੂੰ ਸੱਚਮੁੱਚ ਸਭ ਦੇਸ਼ਾਂ ਤੋਂ ਵਧੀਆ ਮੰਨਿਆ ਜਾਣਾ ਚਾਹੀਦਾ ਸੀ ਪਰ ਅਜਿਹਾ ਨਹੀਂ ਹੈ । ਸਮੇਂ ਦੇ ਬੀਤਣ ਨਾਲ ਇਸ ਵਿਚ ਨਿਖਾਰ ਆ ਰਿਹਾ ਹੈ । ਲੋਕਰਾਜ ਵਿਚ ਸਰਕਾਰ ਨੂੰ ਚਲਾਉਣ ਲਈ ਲੋਕੀਂ ਆਪਣੇ ਪ੍ਰਤੀਨਿਧ ਚੁਣਦੇ ਹਨ ਜਿਹੜੇ ਪੰਜ ਸਾਲ ਸਰਕਾਰ ਨੂੰ ਚਲਾਉਂਦੇ ਹਨ । ਕਿਸੇ ਸਪੱਸ਼ਟ ਵਿਚਾਰਧਾਰਾ ਅਨੁਸਾਰ ਸਰਕਾਰ ਚਲਾਉਣ ਲਈ ਰਾਜਸੀ ਪਾਰਟੀਆਂ ਹੋਂਦ ਵਿਚ ਆਉਂਦੀਆਂ ਹਨ । ਜਿਨ੍ਹਾਂ ਦਾ ਮੰਤਵ ਇਕ ਮਿੱਥੀ ਸੋਚ ਅਤੇ ਨੀਤੀ ਅਨੁਸਾਰ ਰਾਜ ਪ੍ਰਬੰਧ ਚਲਾਉਣਾ ਹੁੰਦਾ ਹੈ । ਅਸਲ ਵਿਚ ਇਕ ਲੋਕਰਾਜ ਦੇਸ਼ ਵਿਚ ਸਰਕਾਰ ਦਾ ਮੁੱਖ ਫਰਜ ਨਾਗਰਿਕਾਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨਾ ਹੈ । ਇਸ ਦਾ ਭਾਵ ਹੈ ਕਿ ਬਿਨ੍ਹਾਂ ਕਿਸੇ ਭੇਦਭਾਵ ਤੋਂ ਸਭਨਾਂ ਲਈ ਅਜਿਹੇ ਵਸੀਲੇ ਪੈਦਾ ਕਰਨੇ ਹੁੰਦੇ ਹਨ ਤਾਂ ਜੋ ਉਨ੍ਹਾਂ ਨੂੰ ਰੋਟੀ, ਕੱਪੜਾ, ਮਕਾਨ, ਵਿਦਿਆ ਅਤੇ ਸਿਹਤ ਸਹੂਲਤਾਂ ਦੀ ਪ੍ਰਾਪਤੀ ਹੋ ਸਕੇ । ਰਾਜਸੀ ਪਾਰਟੀਆਂ ਦੇ ਆਗੂ ਲੋਕ ਸੇਵਕ ਅਤੇ ਸਰਕਾਰੀ ਕਰਮਚਾਰੀ ਲੋਕਾਂ ਦੇ ਨੌਕਰ ਹੁੰਦੇ ਹਨ । ਹੁਣ ਵੇਖਣਾ ਇਹ ਹੈ ਕਿ ਕੀ ਭਾਰਤ ਵਿਚ ਅਜਿਹਾ ਹੋ ਸਕਿਆ ਹੈ/ਅੱਜ ਵੀ ਸਰਕਾਰ 80 ਕਰੋੜ ਲੋਕਾਂ ਭਾਵ ਦੇਸ਼ ਦੀ ਅਧਿਉਂ ਵਧ ਆਬਾਦੀ ਨੂੰ ਮੁਫਤ ਰਾਸ਼ਨ ਦੇਣ ਲਈ ਮਜ਼ਬੂਰ ਹੋ ਰਹੀ ਹੈ । ਅਜੇਹਾ ਉਦੋਂ ਹੀ ਹੁੰਦਾ ਹੈ ਜਦੋਂ ਲੋਕਾਂ ਕੋਲ ਢੁੱਕਵਾਂ ਰੁਜ਼ਗਾਰ ਨਾ ਹੋਵੇ ਅਤੇ ਉਹ ਆਪਣੀ ਰੋਜ਼ੀ ਰੋਟੀ ਦਾ ਪ੍ਰਬੰਧ ਨਾ ਕਰ ਸਕਦੇ ਹੋਣ । ਵਸੋਂ ਦੇ ਜਿਸ ਹਿੱਸੇ ਨੂੰ ਢਿੱਡ ਭਰਨ ਲਈ ਸਰਕਾਰ ਵਲੋਂ ਮੁਫਤ ਅਨਾਜ ਦਿੱਤਾ ਜਾਂਦਾ ਹੈ ਉਹ ਭਲਾ ਆਪਣੇ ਬੱਚਿਆਂ ਲਈ ਵਧੀਆ ਪੜ੍ਹਾਈ ਅਤੇ ਪਰਿਵਾਰ ਲਈ ਚੰਗੀਆਂ ਸਹੂਲਤਾਂ ਬਾਰੇ ਕਿਵੇਂ ਸੋਚ ਸਕਦੀ ਹੈ । ਸਮੇਂ ਦੇ ਬੀਤਣ ਨਾਲ ਬਹੁਤੇ ਰੁਜ਼ਗਾਰ, ਵਿਦਿਆ ਅਤੇ ਸਿਹਤ ਵਸੀਲੇ ਨਿੱਜੀ ਖੇਤਰ ਵਿਚ ਚਲੇ ਗਏ ਹਨ । ਦੇਸ਼ ਦੀ ਅੱਧੀ ਵਸੋਂ ਦੀ ਇਹ ਪਹੁੰਚ ਤੋਂ ਬਾਹਰ ਹੋ ਰਹੇ ਹਨ । ਅਜੇਹਾ ਕਿਉਂ ਹੋ ਰਿਹਾ ਹੈ । ਇਸ ਲਈ ਸਾਡੀਆਂ ਰਾਜਸੀ ਪਾਰਟੀਆਂ ਅਤੇ ਨੇਤਾ ਜ਼ੁੰਮੇਵਾਰ ਹਨ । ਸਮੇਂ ਦੇ ਬੀਤਣ ਨਾਲ ਰਾਜਨੀਤਕ ਪਾਰਟੀਆਂ ਕੋਲ ਕੋਈ ਨੀਤੀ ਨਹੀਂ ਹੈ । ਆਗੂਆਂ ਦੀ ਨੀਯਤ ਖੋਟੀ ਹੋ ਗਈ ਹੈ । ਹੁਣ ਉਹ ਲੋਕ ਸੇਵਾ ਦੀ ਥਾਂ ਨਿਜ ਸੇਵਾ ਕਰਦੇ ਹਨ । ਆਪਣੇ ਅਸੂਲਾਂ ਅਤੇ ਕੀਤੇ ਲੋਕ ਭਲਾਈ ਦੇ ਕੰਮਾਂ ਆਧਾਰਿਤ ਵੋਟ ਨਹੀਂ ਮੰਗਦੇ ਸਗੋਂ ਵੋਟਾਂ ਮੰਗਣ ਲਈ ਹਰ ਤਰ੍ਹਾਂ ਦੇ ਗਲਤ ਢੰਗ ਤਰੀਕਿਆਂ ਦੀ ਵਰਤੋਂ ਕਰ ਰਹੇ ਹਨ । ਮੇਰੀ ਪੀੜ੍ਹੀ ਨੂੰ 1952 ਵਿਚ ਹੋਈਆਂ ਪਹਿਲੀਆਂ ਚੋਣਾਂ ਨੂੰ ਲੈ ਕੇ 2024 ਦੀਆਂ ਚੋਣਾਂ ਨੂੰ ਨੇੜਿਆਂ ਵੇਖਣ ਦਾ ਮੌਕਾ ਮਿਲਿਆ ਹੈ । ਜੇਕਰ ਪਿਛਲ ਝਾਤ ਮਾਰੀ ਜਾਵੇ ਤਾਂ 1967 ਤੱਕ ਚੋਣਾਂ ਲੋਕ ਸਭਾ ਅਤੇ ਅਸੈਂਬਲੀ ਦੀਆਂ ਇਕਠੀਆਂ ਹੀ ਹੁੰਦੀਆਂ ਸਨ ਤੇ ਸਾਰਾ ਕੰਮ ਇਕ ਹਫਤੇ ਵਿਚ ਨਿਬੜ ਜਾਂਦਾ ਸੀ । ਚੋਣ ਪ੍ਰਚਾਰ ਵਿਚ ਸਾਦਗੀ ਸੀ । ਲੋਕ ਆਪਣੇ ਲੀਡਰਾਂ ਦਾ ਸਤਿਕਾਰ ਕਰਦੇ ਸਨ । ਉਨ੍ਹਾਂ ਨੂੰ ਸੁਣਨ ਦੂਰੋਂ ਦੂਰੋਂ ਪੈਦਲ ਚਲ ਕੇ ਆਉਂਦੇ ਸਨ ਕਿਉਂਕਿ ਉਦੋਂ ਤਕ ਆਵਾਜਾਈ ਦੇ ਸਾਧਨ ਇਤਨੇ ਵਿਕਸਤ ਨਹੀਂ ਸਨ ਹੋਏ । ਐਮ ਪੀ ਅਤੇ ਐਮ ਐਲ ਏ ਨੂੰ ਬਿਨਾਂ ਕਿਸੇ ਸੁਰੱਖਿਆ ਤੋਂ ਸਾਈਕਲ ਉੱਤੇ ਫਿਰਦੇ ਵੇਖਿਆ ਹੈ । ਉਨ੍ਹਾਂ ਦੇ ਘਰਾਂ ਅਗੇ ਹੁਣ ਵਾਂਗ ਸਿਫਾਰਸ਼ੀਆਂ ਦੀ ਭੀੜ ਨਹੀਂ ਸੀ ਹੁੰਦੀ । ਵਜੀਰਾਂ ਕੋਲ ਵੀ ਜੀਪਾਂ ਹੀ ਸਨ ਤੇ ਅੱਗੇ ਪਿਛੇ ਪੁਲਿਸ ਦੀ ਸੁਰੱਖਿਆ ਵੀ ਨਹੀਂ ਸੀ । ਲੋਕਾਂ ਵਿਚ ਉਤਸ਼ਾਹ ਸੀ ਉਹ ਵਿਕਾਸ ਦੇ ਕਾਰਜਾਂ ਵਿਚ ਵੱਧ ਚੜ੍ਹ ਦੇ ਹਿੱਸਾ ਪਾਉਂਦੇ ਸਨ । ਮੁਫਤ ਦੀਆਂ ਰਿਉੜੀਆਂ ਜਿਨ੍ਹਾਂ ਨੂੰ ਹੁਣ ਗਾਰੰਟੀਆਂ ਆਖਿਆ ਜਾਣ ਲਗ ਪਿਆ ਹੈ ਨਹੀਂ ਦਿੱਤੀਆਂ ਜਾਂਦੀਆਂ ਸਨ । ਲੋਕ ਉਮੀਦਵਾਰ ਦੇ ਕਿਰਦਾਰ ਅਤੇ ਪਾਰਟੀ ਦੀ ਨੀਤੀ ਅਨੁਸਾਰ ਵੋਟ ਪਾਉਂਦੇ ਸਨ । ਪ੍ਰਚਾਰ ਸੀਮਤ ਸੀ । ਮੀਡੀਆ ਤਾਂ ਹੀ ਨਹੀਂ ਸੀ । ਕੇਵਲ ਅਖਬਾਰਾਂ ਸਨ ਜਿਨ੍ਹਾਂ ਦੀ ਪਹੁੰਚ ਸੀਮਤ ਸੀ ਜਾਂ ਸਰਕਾਰੀ ਰੇਡੀਓ ਸੀ । ਪੈਸੇ, ਨਸ਼ੇ ਜਾਂ ਕੋਈ ਹੋਰ ਲਾਲਚ ਵੀ ਨਹੀਂ ਸਨ । ਲੋਕ ਨੁਮਾਇੰਦਿਆਂ ਤੱਕ ਪਹੁੰਚ ਸੌਖੀ ਸੀ ।

ਇਕ ਰਿਪੋਰਟ ਅਨੁਸਾਰ ਵਿਧਾਇਕਾਂ ਕੋਲ ਔਸਤਨ 14 ਕਰੋੜ ਦੀ ਪੂੰਜੀ ਹੈ । ਇਸੇ ਰਿਪੋਰਟ ਅਨੁਸਾਰ 4001 ਵਿਧਾਇਕਾਂ ਕੋਲ 54545 ਕਰੋੜ ਦੀ ਜਾਇਦਾਦ ਹੈ । ਚੋਣ ਜਿੱਤਣ ਪਿਛੋਂ ਪੰਜਾਂ ਸਾਲਾਂ ਵਿਚ ਵਿਧਾਇਕ ਕਰੋੜਪਤੀ ਬਣ ਜਾਂਦੇ ਹਨ । ਇਸੇ ਲਾਲਚ ਲਈ ਦੇਣ ਵਿਚ ਰਿਸ਼ਵਤਖੋਰੀ ਦਾ ਵਾਧਾ ਹੋਇਆ ਹੈ । ਨਸ਼ਿਆਂ ਅਤੇ ਮਿਲਾਵਟ ਵਿਚ ਵੀ ਕਈ ਆਗੂਆਂ ਦਾ ਨਾਮ ਬੋਲਦਾ ਹੈ । ਲੀਡਰਾਂ ਵਿਚ ਪੈਸੇ ਦੀ ਭੁੱਖ ਨਾਲ ਵਿਧਾਇਕਾਂ ਦੀ ਖਰੀਦੋਫਰੋਖਤ ਸ਼ੁਰੂ ਹੋ ਗਈ ਤੇ ਦੇਸ਼ ਵਿਚ ਦਲਬਦਲੀ ਇਕ ਧੰਦਾ ਬਣ ਗਈ । ਇਸ ਨੂੰ ਰੋਕਣ ਲਈ ਦਲਬਦਲੀ ਵਿਰੋਧ ਕਾਨੂੰਨ ਬਣਾਇਆ ਗਿਆ ਪਰ ਇਸ ਨਾਲ ਦਲਬਦਲੀ ਰੁਕਣ ਦੀ ਥਾਂ ਇਸ ਵਿਚ ਵਾਧਾ ਹੋ ਰਿਹਾ ਹੈ । ਦਲਬਦਲ ਕੇ ਵਿਧਾਇਕ ਮੈਂਬਰੀ ਤੋਂ ਅਸਤੀਫਾ ਦੇ ਦਿੰਦਾ ਹੈ । ਦੋ ਮਹੀਨਿਆਂ ਪਿਛੋਂ ਉਥੇ ਮੁੜ ਚੋਣ ਹੁੰਦੀ ਹੈ ਤਾਂ ਉਹ ਹੀ ਵਿਧਾਇਕ ਨਵੀਂ ਪਾਰਟੀ ਦੀ ਟਿਕਟ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ । ਜਨਤਾ ਨੂੰ ਦੂਰੀ ਵਾਰ ਹੋਈ ਚੋਣ ਦਾ ਖਰਚਾ ਝੱਲਣਾ ਪੈਂਦਾ ਹੈ। ਤਾਕਤ ਦੀ ਭੁੱਖ ਕਾਰਨ ਇਲਾਕਾਈ ਰਾਜਨੀਤਕ ਪਾਰਟੀਆਂ ਹੋਂਦ ਵਿਚ ਆਈਆਂ । ਸ਼ੁਰੂ ਵਿਚ ਇਨ੍ਹਾਂ ਨੇ ਆਪਣੇ ਸੂਬੇ ਦੇ ਵਿਕਾਸ ਲਈ ਚੰਗਾ ਕੰਮ ਕੀਤਾ ਪਰ ਸਮੇਂ ਦੇ ਬੀਤਣ ਨਾਲ ਇਹ ਇਕ ਪਰਿਵਾਰ ਦੀ ਨਿਜੀ ਜਗੀਰ ਹੀ ਬਣ ਗਈਆਂ ਹਨ । ਹੁਣ ਤਾਂ ਸਾਰੀਆਂ ਪਾਰਟੀਆਂ ਦੀ ਇਕੋ ਨੀਤੀ ਹੈ ਕਿ ਕਿਵੇਂ ਚੋਣਾਂ ਜਿੱਤੀਆਂ ਜਾਣ । ਦੇਸ਼ ਵਿਚ ਵਧ ਰਹੀ ਮਹਿੰਗਾਈ, ਬੇਰੁਜਗਾਰੀ, ਅਬਾਦੀ ਅਤੇ ਘਟ ਰਿਹਾ ਪੀਣ ਵਾਲਾ ਪਾਣੀ ਤੇ ਵਾਹੀ ਹੇਠ ਧਰਤੀ ਵਰਗੇ ਮਸਲਿਆਂ ਬਾਰੇ ਕੋਈ ਚਰਚਾ ਹੀ ਨਹੀਂ ਹੈ । ਦੇਸ਼ ਵਿਚ ਦੌਲਤ ਦਾ ਵਾਧਾ ਹੋਇਆ ਹੈ ਪਰ ਇਹ ਵੀ ਸੱਚ ਹੈ ਕਿ ਇਹ ਕੁਝ ਕੁ ਪਰਿਵਾਰਾਂ ਦੇ ਕਬਜ਼ੇ ਹੇਠ ਆ ਗਈ ਹੈ । ਇਕ ਅੰਦਾਜੇ ਅਨੁਸਾਰ ਦੇਸ਼ ਦੇ ਇਕ ਪ੍ਰਤੀਸ਼ਤ ਲੋਕਾਂ ਕੋਲ ਦੇਸ਼ ਦਾ 40 ਪ੍ਰਤੀਸ਼ਤ ਤੋਂ ਵੀ ਵਧ ਸਰਮਾਇਆ ਹੈ । ਅਰਬਪਤੀਆਂ ਦੀ ਗਿਣਤੀ ਵੱਧ ਰਹੀ ਹੈ ਤੇ ਇਸ ਦੇ ਨਾਲ ਹੀ ਗਰੀਬਾਂ ਦੀ ਗਿਣਤੀ ਵਿਚ ਵੀ ਵਾਧਾ ਹੋ ਰਿਹਾ ਹੈ । ਦੇਸ਼ ਦੇ ਬਹੁਪੱਖੀ ਵਿਕਾਸ ਲਈ ਯੋਜਨਾ ਕਮਿਸ਼ਨ ਬਣਾਇਆ ਗਿਆ ਸੀ ਜਿਹੜਾ ਦੇਸ਼ ਦੇ ਵਿਕਾਸ ਲਈ ਪੰਜ ਸਾਲਾ ਯੋਜਨਾ ਬਣਾਉਣਾ ਸੀ ਤੇ ਉਸੇ ਅਨੁਸਾਰ ਵਿਕਾਸ ਦੇ ਕਾਰਜ ਹੁੰਦੇ ਹਨ । ਪਰ ਨਵੀਂ ਸਰਕਾਰ ਨੇ ਇਸ ਦਾ ਨਾਮ ਬਦਲ ਕੇ ਨੀਤੀ ਆਯੋਗ ਰੱਖ ਦਿੱਤਾ ਪਰ ਪਿਛਲੇ ਦਸ ਸਾਲਾਂ ਵਿਚ ਦੇਸ਼ ਦੀ ਬਹੁਪੱਖੀ ਵਿਕਾਸ ਲਈ ਕੋਈ ਵੀ ਯੋਜਨਾ ਤਿਆਰ ਨਹੀਂ ਹੋ ਸਕੀ ਹੈ । ਚੋਣਾਂ ਇਤਨੀਆਂ ਖਰਚੀਲੀਆਂ ਹੋ ਗਈਆਂ ਹਨ ਕਿ ਕੋਈ ਵੀ ਇਮਾਨਦਾਰ ਆਦਮੀ ਚੋਣ ਲੜਨ ਦੀ ਹਿੰਮਤ ਨਹੀਂ ਕਰ ਸਕਦਾ । ਚੋਣਾਂ ਲੜਨ ਉੱਤੇ ਹਜ਼ਾਰਾਂ ਕਰੋੜ ਰੁਪਏ ਖਰਚ ਕਰਦੀਆਂ ਹਨ । ਇਹ ਪੈਸਾ ਕੰਪਨੀਆਂ ਅਤੇ ਕਾਰਪੋਰੇਟ ਘਰਾਣੇ ਚੰਦੇ ਦੇ ਰੂਪ ਵਿਚ ਦਿੰਦੇ ਹਨ । ਉਹ ਦੇਸ਼ ਪ੍ਰੇਮ ਲਈ ਚੰਦਾ ਨਹੀਂ ਦਿੰਦੇ ਸਗੋਂ ਆਪਣੇ ਫਾਇਦੇ ਲਈ ਉਲੀਕੇ ਪ੍ਰੋਗਰਾਮ ਨੂੰ ਲਾਗੂ ਕਰਵਾਉਂਦੇ ਹਨ । ਇੰਝ ਉਹ ਆਪਣੀ ਕਮਾਈ ਵਿਚ ਤੇਜ਼ੀ ਨਾਲ ਵਾਧਾ ਕਰ ਰਹੇ ਹਨ । ਕੋਰੋਨਾ ਕਾਲ ਸਮੇਂ ਜਦੋਂ ਆਮ ਆਦਮੀ ਬਿਮਾਰੀ ਅਤੇ ਭੁੱਖ ਨਾਲ ਮਰ ਰਹੇ ਸਨ ਉਦੋਂ ਹੀ ਇਹ ਘਰਾਣੇ ਮੋਟੀ ਕਮਾਈ ਕਰ ਰਹੇ ਸਨ । ਵਿਧਾਇਕਾਂ ਨੇ ਆਪਣੀਆਂ ਸਹੂਲਤਾਂ ਵਿਚ ਬੇਤਹਾਸ਼ਾ ਵਾਧਾ ਕੀਤਾ ਹੈ । ਇਨ੍ਹਾਂ ਨੂੰ ਵੇਖ ਸਰਕਾਰੀ ਕਰਮਚਾਰੀ ਵੀ ਵਧੀਆ ਜੀਵਨ ਜੀਉ ਰਹੇ ਹਨ । ਵਿਕਾਸ ਲਈ ਪੈਸਾ ਬਚਦਾ ਹੀ ਨਹੀਂ । ਇਸ ਲਈ ਕਰਜ਼ਾ ਲਿਆ ਜਾਂਦਾ ਹੈ । ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਦੇ ਕਰਜ਼ੇ ਵਿਚ ਹਰੇਕ ਸਾਲ ਵਾਧਾ ਹੋ ਰਿਹਾ ਹੈ । ਆਮ ਲੋਕਾਂ ਲਈ ਵਧੀਆ ਸਕੂਲ, ਹਸਪਤਾਲ ਜਾਂ ਰੁਜ਼ਗਾਰ ਦੇ ਵਸੀਲੇ ਵਿਕਸਿਤ ਕਰਨ ਦੀ ਥਾਂ ਆਲੀਸ਼ਾਨ ਇਮਾਰਤਾਂ, ਵਧੀਆ ਸੜਕਾਂ, ਮਹਿੰਗੀਆਂ ਗੱਡੀਆਂ ਉੱਤੇ ਖਰਚਾ ਕੀਤਾ ਜਾਂਦਾ ਹੈ । ਇਹ ਕੰਮ ਠੇਕੇਦਾਰ ਕਰਦੇ ਹਨ ਜਿਨ੍ਹਾਂ ਤੋਂ ਨੇਤਾ ਆਪਣਾ ਹਿੱਸਾ ਵੀ ਵਸੂਲਦੇ ਹਨ । ਦੇਸ਼ ਦੀ ਬਹੁਤੀ ਪੁਲਿਸ ਲੀਡਰਾਂ ਅਤੇ ਅਫਸਰਾਂ ਦੀ ਸੁਰੱਖਿਆ ਵਿਚ ਲੱਗੀ ਹੋਈ ਹੈ । ਆਮ ਲੋਕਾਂ ਦੀ ਸੁਰੱਖਿਆ ਦਾ ਰੱਬ ਹੀ ਰਾਖਾ ਹੈ । ਬਹੁਤਿਆਂ ਦੀ ਲੋੜ ਨਹੀਂ ਸਗੋਂ ਇਹ ਵਡੱਪਣ ਦੀ ਨਿਸ਼ਾਣੀ ਬਣ ਗਿਆ ਹੈ ।

ਇਸ ਵਾਰ ਤਾਂ ਚੋਣਾਂ ਸਮੇਂ ਪਾਰਟੀਆਂ ਅਤੇ ਆਗੂਆਂ ਦੇ ਕਿਰਦਾਰ ਵਿਚ ਸਭ ਤੋਂ ਵੱਧ ਗਿਰਾਵਟ ਆਈ ਹੈ । ਪਾਰਟੀਆਂ ਦੀਆਂ ਨੀਤੀਆਂ ਆਧਾਰਿਤ ਚੋਣ ਪ੍ਰਚਾਰ ਹੋਣ ਦੀ ਥਾਂ ਵਿਅਕਤੀਆਂ ਆਧਾਰਿਤ ਚੋਣ ਪ੍ਰਚਾਰ ਹੋ ਰਿਹਾ ਹੈ। ਇੱਕ ਦੂਜੇ ਉੱਤੇ ਰਜ ਕੇ ਚਿੱਕੜ ਉਛਾਲਿਆ ਜਾ ਰਿਹਾ ਹੈ। ਇੰਝ ਵਿਕਾਸ ਰਾਜਨੀਤੀ ਦੀ ਥਾਂ ਚਿੱਕੜ ਰਾਜਨੀਤੀ ਬਣ ਗਈ ਹੈ । ਪਹਿਲਾਂ ਜਿਨ੍ਹਾਂ ਲੀਡਰਾਂ ਨੂੰ ਉਨ੍ਹਾਂ ਦੀ ਪਾਰਟੀ ਨੂੰ ਟਿਕਟ ਨਹੀਂ ਸੀ ਦਿੰਦੀ, ਉਹ ਦਲ ਬਦਲੀ ਕਰਦੇ ਸਨ ਪਰ ਹੁਣ ਤਾਂ ਕਿਰਦਾਰ ਇਥੋਂ ਤੱਕ ਗਿਰ ਗਿਆ ਹੈ ਕਿ ਆਪਣੀ ਪਾਰਟੀ ਵਲੋਂ ਮਿਲੀ ਟਿਕਟ ਦੇ ਬਾਵਜੂਦ ਰਾਤੋ ਰਾਤ ਦਲਬਦਲੀ ਕਰਕੇ ਦੂਜੀ ਪਾਰਟੀ ਦੇ ਉਮੀਦਵਾਰ ਬਣ ਜਾਂਦੇ ਹਨ । ਇਕ ਦਿਨ ਪਹਿਲਾਂ ਜਿਸ ਪਾਰਟੀ ਦੀ ਅਲੋਚਨਾ ਕੀਤੀ ਜਾਂਦੀ ਸੀ ਦੂਜੇ ਦਿਨ ਉਹ ਸਭ ਤੋਂ ਵਧੀਆ ਪਾਰਟੀ ਬਣ ਜਾਂਦੀ ਹੈ। ਇਸ ਵਾਰ ਦੀ ਚੋਣ ਲੋਕਾਂ ਲਈ ਇਕ ਚੁਣੌਤੀ ਹੈ। ਪਾਰਟੀ, ਧਰਮ, ਜਾਤ, ਰਿਸ਼ਤੇਦਾਰੀਆਂ ਤੋਂ ਉੱਚੇ ਉਠ ਮੌਕਾ ਪ੍ਰਸਤਾਂ ਨੂੰ ਸਬਕ ਸਿਖਾਉਣ ਦੀ ਲੋੜ ਹੈ । ਇਮਾਨਦਾਰ ਅਤੇ ਲੋਕ ਸੇਵਾ ਨੂੰ ਸਮਰਪਿਤ ਉਮੀਦਵਾਰਾਂ ਨੂੰ ਜਿਤਾਇਆ ਜਾਵੇ । ਚਿੱਕੜ ਰਾਜਨੀਤੀ ਕਰ ਰਹੇ ਲੀਡਰਾਂ ਨੂੰ ਉਨ੍ਹਾਂ ਦੀਆਂ ਦੇਸ਼ ਦੇ ਵਿਕਾਸ ਲਈ ਉਲੀਕੀਆਂ ਨੀਤੀਆਂ ਬਾਰੇ ਪੁਛਿਆ ਜਾਵੇ ਤਾਂ ਜੋ ਉਹ ਵੀ ਆਪਣੇ ਅੰਦਰ ਝਾਤ ਮਾਰਨ ਲਈ ਮਜ਼ਬੂਰ ਹੋ ਸਕਣ ।



ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



ਵਿਸ਼ੇਸ਼ ਆਫਰ

ਖੇਤੀ ਦੁਨੀਆਂ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ

ਸਾਲਾਨਾ ਚੰਦਾ

ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ

ਵੱਲੋਂ

ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ

ਚੰਦਿਆਂ 'ਤੇ ਵਿਸ਼ੇਸ਼ ਛੂਟ

ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ

ਇੱਕ ਸਾਲ ਲਈ 500/- ਰੁਪਏ | ਦੋ ਸਾਲ ਲਈ 750/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

Website : www.khetiduniyan.in
E-mail : khetiduniyan1983@gmail.com


# ਹਰਬਲ ਬੂਟੇ ਲਗਾਓ ਅਤੇ ਬਿਮਾਰੀਆਂ ਭਜਾਓ




ਡਾ: ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ, ਪਟਿਆਲਾ
ਮੋ: 75080-18903


ਹਰਬਲ ਪੌਦੇ ਘਰਾਂ ਵਿਚ ਖਾਲੀ ਥਾਂ ਲਗਾ ਕੇ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਹੈ। ਜਿਸ ਨਾਲ ਘਰ ਸਾਫਸੁਥਰਾ ਰੱਖਿਆ ਜਾ ਸਕੇਗਾ ਅਤੇ ਘਰ ਵਿਚ ਹਰਿਆਲੀ ਆਵੇਗੀ। ਹਰਬਲ ਪੌਦੇ ਘਰਾਂ ਅੰਦਰ ਹਵਾ ਪ੍ਰਦੂਸ਼ਣ ਨੂੰ ਘਟਾਉਂਦੇ ਹਨ ਜਿਵੇਂ ਤੁਲਸੀ ਅਤੇ ਨਿੰਮ ਆਦਿ ਨੂੰ ਜਦੋਂ ਹਵਾ ਛੋਹ ਕੇ ਲੰਘਦੀ ਹੈ ਤਾਂ ਘਰ ਨੂੰ ਪਵਿੱਤਰ ਕਰਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਦੀ ਮਹਿਕ ਨਾਲ ਛੋਟੇ-ਮੋਟੇ ਕੀੜੇ-ਮਕੌੜੇ ਘਰ ਵਿੱਚ ਨਹੀਂ ਆਉਂਦੇ। ਕੁਝ ਹਰਬਲ ਪੌਦੇ ਕੜ੍ਹੀ ਪੱਤਾ, ਧਨੀਆ, ਪੁਦੀਨਾ, ਤੁਲਸੀ, ਸੌਂਫ, ਅਵਜੈਣ ਆਦਿ ਭੋਜਨ ਨੂੰ ਸੁਆਦਲਾ ਬਣਾਉਂਦੇ ਹਨ ਅਤੇ ਭੋਜਨ ਦੀ ਪਾਚਕਤਾ ਵਧਾਉਂਦੇ ਹਨ। ਇਸ ਲਈ ਇਨ੍ਹਾਂ ਪੌਦਿਆਂ ਰਾਹੀਂ ਘਰ ਵਿੱਚ ਹੀ ਕਈ ਰੋਗਾਂ ਦਾ ਇਲਾਜ ਕੀਤਾ ਜਾ ਸਕਦਾ ਹੈ। ਸੋ ਹਰਬਲ ਬਗੀਚੀ ਪਰਿਵਾਰਕ ਆਮਦਨ ਵਧਾਉਣ ਦਾ ਇੱਕ ਵਧੀਆ ਵਸੀਲਾ ਹੋ ਸਕਦਾ ਹੈ। ਕੁਝ ਖਾਸ ਹਰਬਲ ਪੌਦਿਆਂ ਬਾਰੇ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ :

1. **ਤੁਲਸੀ** : ਇਸ ਦੇ ਪੱਤਿਆਂ ਵਿਚ ਮਲੇਰੀਆ ਦੇ ਕੀਟਾਣੂ ਨਸ਼ਟ ਕਰਨ



ਦੀ ਸ਼ਕਤੀ ਹੈ। ਤੁਲਸੀ ਦੇ ਪੱਤਿਆਂ ਵਾਲਾ ਪਾਣੀ ਪੀਣ ਨਾਲ ਪੇਟ ਦੀਆਂ ਬਿਮਾਰੀਆਂ ਤੋਂ ਬਚਾਅ ਰਹਿੰਦਾ ਹੈ। ਤੁਲਸੀ ਦੇ ਕਾੜ੍ਹੇ ਦੀ ਵਰਤੋਂ ਨਾਲ ਸਿਰ ਦਰਦ, ਜੁਕਾਮ ਅਤੇ ਬੁਖਾਰ ਤੋਂ ਰਾਹਤ ਮਿਲਦੀ ਹੈ। ਇਸ ਦੀ ਬੀਜ ਦੀ ਬਿਜਾਈ ਫਰਵਰੀ ਵਿਚ ਕੀਤੀ ਜਾ ਸਕਦੀ ਹੈ ਅਤੇ ਅਪਰੈਲ ਮਹੀਨੇ ਵੱਟਾਂ ਉੱਤੇ ਬਦਲਾਈ ਕੀਤੀ ਜਾ ਸਕਦੀ ਹੈ।

2. **ਅਸ਼ਵਗੰਧਾ** : ਅਸ਼ਵਗੰਧਾ ਦੀਆਂ ਜੜ੍ਹਾਂ ਨੂੰ ਕਮਜ਼ੋਰੀ ਦੂਰ ਕਰਨ ਲਈ ਵਰਤਿਆ ਜਾਂਦਾ ਹੈ। ਇਸ ਦੇ ਪੱਤੇ ਖਾਣ ਨਾਲ ਮੋਟਾਪਾ ਘੱਟ ਹੁੰਦਾ ਹੈ। ਇਹ ਜੋੜਾਂ ਦਾ ਦਰਦ ਅਤੇ ਦਿਮਾਗੀ ਕਮਜ਼ੋਰੀ ਦੂਰ ਕਰਦਾ ਹੈ ਅਤੇ ਭੁੱਖ ਵਧਾਉਂਦਾ ਹੈ। ਇਸ ਦੇ ਫਲ ਅਤੇ ਬੀਜ ਉਚ ਬਲੱਡ ਪ੍ਰੈਸ਼ਰ ਵਿਚ ਆਰਾਮ ਪਹੁੰਚਾਉਂਦੇ ਹਨ। ਇਹ ਥਾਇਰਾਇਡ, ਬੈਕਟੀਰੀਆ, ਅਲਰਜ਼ੀ ਅਤੇ ਸ਼ੂਗਰ ਲਈ ਵੀ ਲਾਭਦਾਇਕ ਹੈ। ਇਸ ਦੀ ਬਿਜਾਈ ਵੱਟਾਂ ਉੱਤੇ ਜੂਨ ਤੋਂ ਅਗਸਤ ਤੱਕ ਕੀਤੀ ਜਾ ਸਕਦੀ ਹੈ।

3. **ਬ੍ਰਹਮੀ** : ਬ੍ਰਹਮੀ ਦੀਆਂ ਪੱਤੀਆਂ ਦਾ ਕੜ੍ਹਿਆ ਦੁੱਧ ਪੀਣ ਨਾਲ ਯਾਦ ਸ਼ਕਤੀ ਵਧਦੀ ਹੈ ਅਤੇ ਦਿਮਾਗ ਨੂੰ ਤਾਕਤ ਮਿਲਦੀ ਹੈ। ਇਹ ਖੂਨ ਸਾਫ ਕਰਨ, ਸਾਹ ਦੀ ਬਿਮਾਰੀ, ਮਿਰਗੀ ਅਤੇ ਕਈ ਤਰ੍ਹਾਂ ਦੀਆਂ ਚਮੜੀ ਦੀਆਂ ਬਿਮਾਰੀਆਂ ਅਤੇ ਕਮਜ਼ੋਰੀ ਦੂਰ ਕਰਨ ਲਈ ਜੂਨ ਤੱਕ ਵਰਤੋਂ ਕੀਤੀ ਜਾ ਸਕਦੀ ਹੈ।

4. **ਮਹਿੰਦੀ** : ਮਹਿੰਦੀ ਵਾਲਾਂ ਨੂੰ ਰੰਗਣ ਲਈ ਵਰਤੀ ਜਾਂਦੀ ਹੈ। ਇਸ ਨੂੰ ਹੱਥਾਂ ਦੀ ਸੁੰਦਰਤਾ ਨਿਖਾਰਨ ਲਈ ਵੀ ਵਰਤਿਆ ਜਾਂਦਾ ਹੈ। ਮਹਿੰਦੀ ਦਾ ਲੇਪ ਸਿਰ ਤੇ ਲਗਾਉਣ ਨਾਲ ਸਿਰਦਰਦ ਵਿੱਚ ਆਰਾਮ ਮਿਲਦਾ ਹੈ।

5. **ਪੁਦੀਨਾ** : ਖਾਣੇ ਨੂੰ ਸੁਆਦ ਅਤੇ ਖੁਸ਼ਬੂ ਪ੍ਰਦਾਨ ਕਰਦਾ ਹੈ। ਸਾਹ ਅਤੇ ਪੇਟ ਦੀਆਂ ਬਿਮਾਰੀਆਂ ਲਈ ਉਪਯੋਗੀ ਹੈ। ਇਨ੍ਹਾਂ ਨੂੰ ਸਾਬਣਾਂ ਅਤੇ ਦੰਦਾਂ ਦੀ ਪੇਸਟ ਲਈ ਵੀ ਵਰਤਿਆ ਜਾਂਦਾ ਹੈ। ਇਸ ਦਾ ਇਤਰ ਵੀ ਤਿਆਰ ਕੀਤਾ ਜਾਂਦਾ ਹੈ। ਇਹ ਜਨਵਰੀ-ਫਰਵਰੀ ਮਹੀਨੇ ਬਿਡ ਤੇ ਲਗਾਇਆ ਜਾ ਸਕਦਾ ਹੈ।

6. **ਸਟੀਵੀਆ** : ਸਟੀਵੀਆ ਦੀ ਗੁਣਵੱਤਾ ਇਸ ਵਿੱਚ ਪਾਈ ਜਾਣ ਵਾਲੀ ਮਿਠਾਸ ਹੈ। ਇਸ ਦੇ ਪੱਤਿਆਂ ਵਿਚ ਆਮ ਚੀਨੀ ਤੋਂ 30 ਗੁਣਾ ਜ਼ਿਆਦਾ ਮਿਠਾਸ ਹੁੰਦੀ ਹੈ ਅਤੇ ਐਕਸਟ੍ਰੈਕਟ ਵਿਚ ਆਮ ਚੀਨੀ ਤੋਂ 300 ਗੁਣਾਂ ਜ਼ਿਆਦਾ ਮਿਠਾਸ ਹੁੰਦੀ ਹੈ। ਇਨ੍ਹਾਂ ਦੋ ਗੁਣਾਂ ਕਰਕੇ ਇਹ ਸ਼ੂਗਰ ਰੋਗੀਆਂ ਦੇ ਲਈ ਇੱਕ ਦਵਾਈ ਹੈ। ਸਟੀਵੀਆ ਦੀ ਲੁਆਈ ਜੂਨ ਤੋਂ ਦਸੰਬਰ ਤੱਕ ਕੀਤੀ ਜਾ ਸਕਦੀ ਹੈ।

7. **ਸਫੈਦ ਮੂਸਲੀ** : ਇਸ ਦੀਆਂ ਜੜ੍ਹਾਂ ਮਰਦਾਨਾ ਤਾਕਤ ਵਧਾਉਣ ਵਾਲੀਆਂ



ਦਵਾਈਆਂ ਵਿਚ ਵਰਤੀਆਂ ਜਾਂਦੀਆਂ ਹਨ। ਇਸ ਦੀ ਬਿਜਾਈ ਜੂਨ ਮਹੀਨੇ ਵਿਚ ਉੱਚੀਆਂ ਵੱਟਾਂ ਉੱਤੇ ਕੀਤੀ ਜਾਂਦੀ ਹੈ।

8. **ਕੁਆਰ ਗੰਦਲ** : ਇਸ ਨੂੰ ਹਾਰ-ਸ਼ਿੰਗਾਰ ਦੇ ਸਮਾਨ ਵਿੱਚ ਵਰਤਿਆ ਜਾਂਦਾ ਹੈ। ਇਹ ਚਿਹਰੇ ਨੂੰ ਸਾਫ਼ ਕਰਨ ਅਤੇ ਸਬਜ਼ੀ, ਅਚਾਰ ਬਣਾਉਣ ਲਈ ਵਰਤਿਆ ਜਾਂਦਾ ਹੈ। ਇਸ ਨੂੰ ਜੁਲਾਈ-ਅਗਸਤ ਮਹੀਨੇ ਵੱਟਾਂ ਉੱਤੇ ਲਗਾਇਆ ਜਾ ਸਕਦਾ ਹੈ।

9. **ਕੜੀ ਪੱਤਾ** : ਇਸ ਦੀ ਵਰਤੋਂ ਚਮੜੀ ਦੀ ਅਲਰਜ਼ੀ ਅਤੇ ਬਲੱਡ ਸ਼ੂਗਰ ਦੇ ਮਰੀਜ਼ਾਂ ਲਈ ਲਾਭਦਾਇਕ ਹੈ। ਇਹ ਜੁਲਾਈ-ਅਗਸਤ ਮਹੀਨੇ ਵੱਟਾਂ ਉੱਤੇ ਲਗਾਇਆ ਜਾ ਸਕਦਾ ਹੈ।

10. **ਸੁਹੰਜਨਾ** : ਇਸ ਦੇ ਪੱਤੇ, ਫੁੱਲ, ਫਲੀਆਂ ਅਤੇ ਜੜ੍ਹਾਂ ਖਾਣ ਲਈ ਵਰਤੀਆਂ ਜਾਂਦੀਆਂ ਹਨ। ਇਹ ਕੈਲਸ਼ੀਅਮ, ਵਿਟਾਮਿਨ ਏ, ਸੀ ਅਤੇ ਪੋਟਾਸ਼ੀਅਮ ਦਾ ਸਰੋਤ ਹੈ। ਇਹ ਬਲੱਡ ਪ੍ਰੈਸ਼ਰ ਚਮੜੀ ਦੀ ਅਲਰਜੀ ਅਤੇ ਅੱਖਾਂ ਲਈ ਵੀ ਲਾਭਦਾਇਕ ਹੈ। ਇਹ ਜੁਲਾਈ-ਅਗਸਤ ਮਹੀਨੇ ਸਫਲਤਾ-ਪੂਰਵਕ ਉਗਾਇਆ ਜਾ ਸਕਦਾ ਹੈ।

11. **ਅਜਵੈਣ** : ਅਜਵੈਣ ਖਾਣ ਵਾਲੇ ਲੋਕ ਤੰਦਰੁਸਤ ਰਹਿੰਦੇ ਹਨ ਅਤੇ ਸਰੀਰਕ ਊਰਜਾ ਵਧਾਉਂਦੀ ਹੈ। ਅਜਵੈਣ ਭੋਜਨ ਪਚਾਉਣ ਵਿਚ ਸਹਾਈ ਹੁੰਦੀ ਹੈ ਅਤੇ ਪੇਟ ਦਰਦ ਅਤੇ ਅਫਰੇਵਾਂ ਘਟਾਉਣ ਵਿੱਚ ਲਾਭਕਾਰੀ ਹੁੰਦੀ ਹੈ। ਇਸ ਦੀ ਚਾਹ ਪੀਣ ਨਾਲ ਸਿਰ ਦਰਦ ਅਤੇ ਥਕਾਵਟ ਦੂਰ ਹੁੰਦੀ ਹੈ।

12. **ਸੌਂਫ** : ਸੌਂਫ ਦੀ ਵਰਤੋਂ ਨਾਲ ਹਾਜ਼ਮਾ ਦਰੁਸਤ ਰਹਿੰਦਾ ਹੈ। ਛੋਟੇ ਬੱਚਿਆਂ ਦਾ ਹਾਜ਼ਮਾ ਠੀਕ ਰੱਖਣ ਲਈ ਸੌਂਫ ਦਾ ਅਰਕ ਦਿੱਤਾ ਜਾਂਦਾ ਹੈ। ਮਿੱਠੀ ਸੌਂਫ ਦਾ ਤੇਲ ਖਾਣ ਵਾਲੀਆਂ ਚੀਜਾਂ ਦੀ ਖੁਸ਼ਬੂ ਅਤੇ ਸੁਆਦ ਵਧਾਉਣ ਲਈ ਵਰਤਿਆ ਜਾਂਦਾ ਹੈ।

13. **ਆਂਵਲਾ** : ਇਸ ਦੇ ਫਲ ਤੋਂ ਵਿਟਾਮਿਨ ਸੀ, ਬੀ ਕੰਪਲੈਕਸ, ਕੈਲਸ਼ੀਅਮ,



ਫਾਸਫੋਰਸ, ਲੋਹਾ, ਪ੍ਰਾਪਤ ਹੁੰਦਾ ਹੈ। ਇਸ ਦਾ ਫਲ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ ਵੀ ਲਾਭਦਾਇਕ ਹੈ।

14. **ਬਿਲ** : ਇਸ ਦੇ ਫਲ ਨੂੰ ਦਸਤ, ਆਂਦਰਾਂ ਦਾ ਅਲਸਰ, ਡਾਇਰੀਆਂ ਦੀ ਇਲਾਜ ਲਈ ਵਰਤਿਆ ਜਾਂਦਾ ਹੈ। ਬਿਲ ਦਾ ਸ਼ਰਬਤ ਅਤੇ ਜੂਸ ਗਰਮੀ ਵਿੱਚ ਦਿਮਾਗ ਨੂੰ ਤਾਜ਼ਗੀ, ਦਿਲ ਨੂੰ ਤਾਕਤ ਅਤੇ ਸਰੀਰ ਨੂੰ ਤਾਜ਼ਗੀ ਤੇ ਠੰਡਕ ਪ੍ਰਦਾਨ ਕਰਦਾ ਹੈ। ਇਸ ਵਿੱਚ ਵਿਟਾਮਿਨ ਏ, ਬੀ, ਕਾਰਬੋਹਾਈਡਰੇਟ ਅਤੇ ਹੋਰ ਦਵਾਈਆਂ ਵਾਲੇ ਗੁਣ ਪਾਏ ਜਾਂਦੇ ਹਨ।

ਇਹ ਉਕਤ ਹਰਬਲੀ ਦਵਾਈਆਂ ਵਾਲੇ ਬੂਟੇ ਪੀ. ਏ. ਯੂ. ਲੁਧਿਆਣਾ ਅਤੇ ਬਾਗਬਾਨੀ ਵਿਭਾਗ ਪੰਜਾਬ ਦੀਆਂ ਨਰਸਰੀਆਂ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਪੰਜਾਬ ਸਰਕਾਰ ਦੇ ਆਯੁਰਵੈਦਿਕ ਵਿਭਾਗ ਦੇ ਮਾਹਿਰਾਂ ਤੋਂ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ



**ਝੋਨਾ** : ਝੋਨੇ ਦੀਆਂ ਸਿਫਾਰਿਸ਼ ਕੀਤੀਆਂ ਕਿਸਮਾਂ ਹੀ ਬੀਜੋ। ਪਨੀਰੀ ਦੀ ਬਿਜਾਈ ਲਈ ਖੇਤ ਵਿੱਚ 12-15 ਟਨ ਗਲੀ-ਸੜੀ ਰੂੜੀ ਦੀ ਖਾਦ ਪਾ ਕੇ ਚੰਗੀ ਤਰ੍ਹਾਂ ਰਲਾਉਣ ਉਪਰੰਤ ਪਾਣੀ ਲਾਓ ਤਾਂ ਕਿ ਨਦੀਨ ਉੱਗ ਪੈਣ। ਨਦੀਨਾਂ ਨੂੰ ਮਾਰਨ ਲਈ ਇੱਕ ਵਾਰ ਫਿਰ ਖੇਤ ਨੂੰ ਵਾਹੋ। ਖੇਤ ਨੂੰ ਭਰਵਾਂ ਪਾਣੀ ਦਿਓ ਅਤੇ ਕੱਦੂ ਕਰੋ।

**ਕਮਾਦ** : ਫਸਲ ਦੇ ਚੰਗੇਰੇ ਝਾੜ ਲਈ 7 ਤੋਂ 12 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ। ਡੀਲਾ/ਮੋਥਾ ਦੀ ਰੋਕਥਾਮ ਲਈ 2,4-ਡੀ ਸੋਡੀਅਮ ਸਾਲਟ 80 ਪ੍ਰਤੀਸ਼ਤ 800 ਗ੍ਰਾਮ ਨੂੰ 200 ਲਿਟਰ ਪਾਣੀ ਵਿਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਖਾਦਾਂ ਪਾਉਣ ਤੋਂ ਬਾਅਦ ਖੇਤ ਨੂੰ ਪਾਣੀ ਦੇ ਦਿਓ। ਪਾਣੀ ਦੀ ਬੱਚਤ ਲਈ ਗੰਨੇ ਦੀਆਂ ਲਾਈਨਾਂ ਵਿਚਕਾਰ 20-25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਝੋਨੇ ਦੀ ਪਰਾਲੀ ਜਾਂ ਗੰਨੇ ਦੀ ਪੱਤੀ ਵਿਛਾ ਦੇਵੋ।



**ਅਰਹਰ** : ਅਰਹਰ ਮਈ ਦੇ ਦੂਸਰੇ ਪੰਦਰ੍ਹਵਾੜੇ ਵਿਚ ਬੀਜ ਦਿਓ ਤਾਂ ਜੋ ਇਸ ਦਾ ਵਧੇਰੇ ਝਾੜ ਲਿਆ ਜਾ ਸਕੇ। 6 ਕਿਲੋ ਬੀਜ ਪ੍ਰਤੀ ਏਕੜ ਨੂੰ 50×25 ਸੈਂਟੀਮੀਟਰ ਫਾਸਲੇ ਉੱਪਰ ਬੀਜੋ। ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿਚ ਅਰਹਰ ਦੀ ਬਿਜਾਈ ਕਣਕ ਲਈ ਵਰਤੇ ਜਾਂਦੇ ਬੈੱਡ ਪਲਾਂਟਰ ਨਾਲ ਬੈੱਡਾਂ ਉੱਤੇ ਸਫਲਤਾ ਪੂਰਵਕ ਕੀਤੀ ਜਾ ਸਕਦੀ ਹੈ। ਬੈੱਡਾਂ ਉੱਤੇ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਭਾਰੀ ਮੀਂਹ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਫਸਲ ਬਚਦੀ ਹੈ।

**ਨਰਮਾ/ਕਪਾਹ** : ਨਰਮੇ ਦੀ ਫਸਲ ਵਿਚ ਨਾਗੇ ਭਰਨ ਲਈ ਲਿਫਾਫਿਆਂ ਵਿਚ ਬੀਜ ਲਗਾਓ। ਫਸਲ ਨੂੰ ਪਹਿਲਾ ਪਾਣੀ ਬਿਜਾਈ ਤੋਂ 4-6 ਹਫਤੇ ਬਾਅਦ ਵਿਚ 2-3 ਹਫਤਿਆਂ ਦੇ ਵਕਫੇ ਨਾਲ ਦਿਓ।

**ਹਰੇ ਚਾਰੇ** : ਅਗੇਤੇ ਚਾਰੇ ਦੀ ਬਿਜਾਈ ਦਾ ਇਹ ਢੁੱਕਵਾਂ ਸਮਾਂ ਹੈ। ਇਨ੍ਹਾਂ ਚਾਰਿਆਂ ਵਿੱਚੋਂ ਮੱਕੀ, ਚਰੀ, ਬਾਜਰਾ, ਗਿੰਨੀ ਘਾਹ ਅਤੇ ਨੇਪੀਅਰ ਬਾਜਰਾ ਆਉਂਦੇ ਹਨ ਜੋ ਕਿ ਹਰੇ ਚਾਰੇ ਦੀ ਕਮੀ ਵਾਲੇ ਸਮੇਂ ਚੰਗੀ ਕਵਾਲਿਟੀ ਦਾ ਹਰਾ ਚਾਰਾ ਦਿੰਦੇ ਹਨ।

**ਮੂੰਗਫਲੀ** : ਸੇਜੂ ਹਾਲਤਾਂ ਵਿਚ ਮੂੰਗਫਲੀ ਦੀ ਕਿਸਮ ਜੇ 87 ਜਾਂ ਐੱਸ ਜੀ-99 ਜਾਂ ਐੱਮ-522 ਇਸ ਮਹੀਨੇ ਦੇ ਅਖੀਰ ਤੱਕ ਬੀਜ ਦਿਓ।



**ਸੂਰਜਮੁਖੀ** : ਇਸ ਮਹੀਨੇ ਗਰਮੀ ਕਾਫੀ ਹੋ ਜਾਂਦੀ ਹੈ। ਸੂਰਜਮੁਖੀ ਦੇ ਚੰਗੇਰੇ ਵਾਧੇ ਲਈ 8-10 ਦਿਨਾਂ ਬਾਅਦ ਪਾਣੀ ਦਿੰਦੇ ਰਹੋ। ਫੁੱਲਾਂ ਤੇ ਆਈ ਫਸਲ ਨੂੰ ਅਤੇ ਉਸ ਤੋਂ ਪਿੱਛੋਂ ਪਾਣੀ ਦੀ ਘਾਟ ਨਹੀਂ ਆਉਣੀ ਚਾਹੀਦੀ।

**ਬਾਗਬਾਨੀ** : ਗਰਮੀ ਵਿਚ ਹੋਰ ਵਾਧਾ ਹੋਣ ਨਾਲ ਫਲਾਂ ਦਾ ਕੇਰਾ ਵਧ ਸਕਦਾ ਹੈ। ਅੰਬ, ਲੀਚੀ, ਨਾਸ਼ਪਾਤੀ, ਨਿੰਬੂ ਜਾਤੀ ਦੇ ਬਾਗਾਂ ਆਦਿ ਵਿਚ ਲਗਾਤਾਰ ਹਲਕੀਆਂ ਸਿੰਚਾਈਆਂ ਕਰਦੇ ਰਹੋ। ਫਲਦਾਰ ਬੂਟਿਆਂ ਦੇ ਮੁੱਢਾਂ ਨੂੰ ਤਿੱਖੀ ਧੁੱਪ ਤੋਂ ਬਚਾਉਣ ਲਈ ਕਲੀ ਦੇ ਘੋਲ ਦਾ ਲੇਪ ਕੀਤਾ ਜਾ ਸਕਦਾ ਹੈ। ਛੋਟੇ ਫਲਦਾਰ ਬੂਟਿਆਂ ਨੂੰ ਤੇਜ਼ ਗਰਮੀ ਤੋਂ ਬਚਾਉਣ ਲਈ ਪਰਾਲੀ ਜਾਂ ਖਜੂਰ ਦੇ ਪੱਤਿਆਂ ਨਾਲ ਛੌਰਾ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਨੂੰ ਲਗਾਤਾਰ ਹਲਕੇ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ। ਨਿੰਬੂ ਜਾਤੀ ਦੇ ਬੂਟਿਆਂ ਉੱਪਰ ਜ਼ਿੰਕ ਸਲਫੇਟ 4.7 ਗ੍ਰਾਮ ਅਤੇ ਮੈਗਨੀਜ਼ ਸਲਫੇਟ 3.3 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਇਸ ਸਮੇਂ ਬੇਰੀਆਂ ਦੀ ਕਾਂਟ-ਛਾਂਟ ਸ਼ੁਰੂ ਕੀਤੀ ਜਾ ਸਕਦੀ ਹੈ।

**ਸਬਜ਼ੀਆਂ** : ਟਮਾਟਰ, ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਨੂੰ ਪਾਣੀ ਸਹੀ ਅੰਤਰਾਲ ਤੇ ਦਿਓ ਅਤੇ ਲੋੜ ਤੋਂ ਵੱਧ ਪਾਣੀ ਨਾ ਲਾਓ। ਤੁੜਾਈ ਸਮੇਂ ਬੂਟਿਆਂ ਦਾ ਧਿਆਨ ਰੱਖੋ ਤਾਂ ਜੋ ਇਹਨਾਂ ਨੂੰ ਨੁਕਸਾਨ ਨਾ ਪਹੁੰਚੇ। ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਤੁੜਾਈ ਸਮੇਂ-ਸਮੇਂ ਤੇ ਕਰਦੇ ਰਹੋ। ਮਾਰਚ ਵਿਚ ਬੀਜੀ ਗਈ ਸਾਉਣੀ ਦੇ ਗੰਢਿਆਂ ਦੀ ਪਨੀਰੀ ਦੀ ਚੰਗੀ ਤਰ੍ਹਾਂ ਦੇਖਭਾਲ ਕਰੋ ਅਤੇ 5-7 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ।

**ਪਸ਼ੂ ਪਾਲਣ** : ਗਰਮੀਆਂ ਵਿਚ ਪਸ਼ੂਆਂ ਦੀ ਖੁਰਾਕ ਵੱਲ ਖਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ। ਕਈ ਵਾਰ ਇਸ ਮੌਸਮ ਵਿਚ ਹਰੇ ਚਾਰੇ ਦੀ ਘਾਟ ਆ ਜਾਂਦੀ ਹੈ, ਜਿਸ ਕਾਰਣ ਪਸ਼ੂ ਪਾਲਕ ਸੁੱਕੇ ਚਾਰੇ ਖੁਆਉਣ ਲਈ ਮਜ਼ਬੂਰ ਹੋ ਜਾਂਦੇ ਹਨ। ਪਰ ਇਨ੍ਹਾਂ ਸੁੱਕੇ ਚਾਰਿਆਂ ਵਿਚ ਪਚਣ ਯੋਗ ਤੱਤ ਹੁੰਦੇ ਹਨ। ਲਵੇਰੀ ਤੋਂ ਪੂਰਾ ਦੁੱਧ ਲੈਣ ਲਈ ਸੰਤੁਲਿਤ ਵੰਡ ਜਿਸ ਵਿਚ ਘੱਟ ਘੱਟ 16 ਪ੍ਰਤੀਸ਼ਤ ਪਚਣ ਯੋਗ ਕੱਚੀ ਪ੍ਰੋਟੀਨ ਹੋਵੇ, ਜ਼ਰੂਰ ਵਰਤੋ। ਗਰਮੀਆਂ ਵਿਚ ਬਹੁ-ਕਟਾਈ ਵਾਲੇ ਚਾਰੇ, ਹਰੇ ਪੱਠੇ ਪਾਉਣ ਲਈ ਬੀਜਣੇ ਬਹੁਤ ਜ਼ਰੂਰੀ ਹਨ। ਇਨ੍ਹਾਂ ਵਿੱਚ ਗਿੰਨੀ ਘਾਹ ਤੇ ਨੇਪੀਅਰ ਘਾਹ ਚੰਗੇ ਹਨ। ਕਣਕ ਜਾਂ ਜਵੀ ਤੋਂ ਖਾਲੀ ਹੋਏ ਖੇਤਾਂ ਵਿਚ ਪੱਠੇ ਬਿਨਾ ਦੇਰੀ ਕੀਤੇ ਬੀਜਣੇ ਚਾਹੀਦੇ ਹਨ।

# ਝੋਨੇ ਦੀ ਸਿੱਧੀ ਬਿਜਾਈ ਵਾਲੇ ਖੇਤਾਂ ਵਿੱਚ ਫਸਲ ਬੀਜਣ ਤੋਂ ਪਹਿਲਾਂ ਕਰੋ ਚੂਹਿਆਂ ਦੀ ਰੋਕਥਾਮ

ਨੀਨਾ ਸਿੰਗਲਾ, ਜੀਵ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 93573-25446)

**ਖੁੱਡਾਂ ਵਿਚੋਂ ਨਿਕਲਦੇ ਚੂਹਿਆਂ ਨੂੰ ਮਾਰਨਾ** : ਕਣਕ ਦੀ ਕਟਾਈ ਤੋਂ ਬਾਅਦ ਰੌਣੀ ਵੇਲੇ ਪਾਣੀ ਨਾਲ ਭਰੀਆਂ ਖੁੱਡਾਂ ਵਿੱਚੋਂ ਨਿਕਲਦੇ ਚੂਹਿਆਂ ਨੂੰ ਡੰਡਿਆਂ ਨਾਲ ਮਾਰੋ। ਉੱਲੂ, ਇੱਲਾਂ, ਸ਼ਿਕਰੇ, ਬਾਜ, ਸੱਪ, ਗੋਹ, ਬਿੱਲੀਆਂ, ਨਿਉਲੇ ਆਦਿ ਚੂਹਿਆਂ ਨੂੰ ਖਾਂਦੇ ਹਨ ਅਤੇ ਪਾਣੀ ਨਾਲ ਭਰੀਆਂ ਖੁੱਡਾਂ ਵਿੱਚੋਂ ਨਿਕਲਦੇ ਚੂਹਿਆਂ ਨੂੰ ਮਾਰਨ ਵਿਚ ਸਹਾਈ ਹੋ ਸਕਦੇ ਹਨ। ਇਸ ਲਈ ਇਨ੍ਹਾਂ ਨੂੰ ਨਾ ਮਾਰੋ।

**ਪਿੰਜਰਿਆਂ ਦੀ ਵਰਤੋਂ** : ਖੇਤਾਂ ਵਿੱਚ ਚੂਹਿਆਂ ਦੇ ਆਉਣ ਜਾਣ ਦੇ ਸਾਰੇ ਰਸਤਿਆਂ, ਚੂਹਿਆਂ ਦੇ ਨੁਕਸਾਨ ਵਾਲੀਆਂ ਥਾਵਾਂ ਤੇ ਘੱਟੋ-ਘੱਟ 16 ਪਿੰਜਰੇ ਪ੍ਰਤੀ ਏਕੜ ਦੇ ਹਿਸਾਬ ਨਾਲ ਰੱਖੋ। ਫੜੇ ਹੋਏ ਚੂਹਿਆਂ ਨੂੰ ਪਾਣੀ ਵਿੱਚ ਡੁਬੋ ਕੇ ਮਾਰੋ। ਹਰ ਵਾਰ ਪਿੰਜਰੇ ਦੀ ਥਾਂ ਬਦਲੋ।

**ਰਸਾਇਣਕ ਤਰੀਕੇ** : ਕਣਕ ਦੀ ਕਟਾਈ ਤੋਂ ਬਾਅਦ ਖਾਲੀ ਖੇਤਾਂ ਵਿਚ ਚੂਹਿਆਂ ਦੀਆਂ ਖੁੱਡਾਂ ਬੰਨਿਆਂ, ਖਾਲਿਆਂ ਅਤੇ ਆਲੇ-ਦੁਆਲੇ ਖਾਲੀ ਜਗ੍ਹਾ ਤੇ ਬੜੀ ਅਸਾਨੀ ਨਾਲ ਲੱਭੀਆਂ ਜਾ ਸਕਦੀਆਂ ਹਨ। ਸ਼ਾਮ ਨੂੰ ਚੂਹਿਆਂ ਦੀਆਂ ਸਾਰੀਆਂ ਖੁੱਡਾਂ ਦੇ ਮੂੰਹ ਬੰਦ ਕਰੋ ਤੇ ਅਗਲੇ ਦਿਨ ਤਾਜ਼ੀਆਂ ਖੁੱਲ੍ਹੀਆਂ ਖੁੱਡਾਂ ਵਿਚ 10-10 ਗ੍ਰਾਮ ਜ਼ਿੰਕ ਫਾਸਫਾਈਡ ਵਾਲੇ ਚੋਗ ਨੂੰ ਕਾਗਜ਼ ਦੀਆਂ ਢਿੱਲੀਆਂ ਪੁੜੀਆਂ ਵਿਚ ਤਕਰੀਬਨ 6 ਇੰਚ ਹਰ ਖੁੱਡ ਅੰਦਰ ਰੱਖੋ। ਢਕੀਆਂ ਖੁੱਡਾਂ ਵਾਲੇ ਚੂਹੇ ਦੀ ਖੁੱਡ ਉਪਰੋਂ ਧਿਆਨ ਨਾਲ ਮਿੱਟੀ ਹਟਾਓ ਤੇ ਖੁੱਡ ਵਿਚ ਡੂੰਘਾਈ ਤੇ ਜ਼ਹਿਰੀਲਾ ਚੋਗਾ ਰੱਖੋ। 10-15 ਦਿਨਾਂ ਦੇ ਵਕਫੇ ਤੇ ਬਚੇ ਹੋਏ ਚੂਹਿਆਂ ਨੂੰ ਮਾਰਨ ਲਈ ਬਰੋਮਾਡਾਈਲੋਨ ਵਾਲੇ ਚੋਗ ਨੂੰ ਕਾਗਜ਼ ਦੀਆਂ ਢਿੱਲੀਆਂ ਪੁੜੀਆਂ ਵਿਚ ਤਕਰੀਬਨ 6 ਇੰਚ ਹਰ ਖੁੱਡ ਅੰਦਰ ਰੱਖੋ।

**ਜ਼ਹਿਰੀਲਾ ਚੋਗ ਬਣਾਉਣ ਦੀ ਵਿਧੀ** : ਚੋਗ ਬਣਾਉਣ ਦੀ ਵਿਧੀ ਚੂਹਿਆਂ



ਦਾ ਜ਼ਹਿਰੀਲੇ ਚੋਗ ਨੂੰ ਖਾਣਾ, ਇਸ ਚੋਗ ਵਿੱਚ ਵਰਤੇ ਗਏ ਦਾਣਿਆਂ ਦੀ ਕੁਆਲਿਟੀ, ਸੁਆਦ ਅਤੇ ਮਹਿਕ ਉੱਪਰ ਨਿਰਭਰ ਕਰਦਾ ਹੈ। ਇਸ ਲਈ ਜ਼ਹਿਰੀਲਾ ਚੋਗ ਹੇਠ ਲਿਖੀਆਂ ਵਿਧੀਆਂ ਨਾਲ ਬਣਾਓ।

**ਜ਼ਿੰਕ ਫਾਸਫਾਈਡ (2%) ਦਾ ਚੋਗ** : ਬਾਜਰਾ, ਜਵਾਰ, ਮੱਕੀ ਜਾਂ ਕਣਕ ਦਾ ਦਰੜ ਜਾਂ ਇਨ੍ਹਾਂ ਸਾਰਿਆਂ ਅਨਾਜਾਂ ਦਾ ਮਿਸ਼ਰਣ 1 ਕਿਲੋ ਲਓ, ਉਸ ਵਿਚ 20 ਗ੍ਰਾਮ ਖਾਣ ਵਾਲਾ ਬਨਸਪਤੀ ਤੇਲ, 20 ਗ੍ਰਾਮ ਪੀਸੀ ਖੰਡ ਅਤੇ 25 ਗ੍ਰਾਮ ਜ਼ਿੰਕ ਫਾਸਫਾਈਡ ਪਾਊਡਰ ਪਾ ਕੇ ਚੰਗੀ ਤਰ੍ਹਾਂ ਮਿਲਾਓ।

**ਨੋਟ** : ਇਸ ਚੋਗੇ ਵਿੱਚ ਕਦੇ ਵੀ ਪਾਣੀ ਨਾ ਮਿਲਣ ਦਿਉ ਅਤੇ ਹਮੇਸ਼ਾਂ ਤਾਜ਼ਾ ਤਿਆਰ ਕੀਤਾ ਚੋਗ ਹੀ ਵਰਤੋ।

**ਬਰੋਮਾਡਾਈਲੋਨ (0.005%) ਵਾਲਾ ਚੋਗ** : ਬਾਜਰਾ, ਜਵਾਰ ਜਾਂ ਕਣਕ ਦਾ ਦਰੜ ਜਾਂ ਇਨ੍ਹਾਂ ਸਾਰਿਆਂ ਅਨਾਜਾਂ ਦਾ ਮਿਸ਼ਰਣ ਜਾਂ ਆਟਾ 1 ਕਿਲੋ ਲਓ, 20 ਗ੍ਰਾਮ ਖਾਣ ਵਾਲਾ ਬਨਸਪਤੀ ਤੇਲ, 20 ਗ੍ਰਾਮ ਪੀਸੀ ਖੰਡ ਅਤੇ 0.25% ਤਾਕਤ ਦਾ 20 ਗ੍ਰਾਮ ਬਰੋਮਾਡਾਈਲੋਨ ਪਾਊਡਰ ਪਾ ਕੇ ਚੰਗੀ ਤਰ੍ਹਾਂ ਮਿਲਾਓ।

**ਬਹੁਪੱਖੀ ਵਿਉਂਤਬੰਦੀ ਨਾਲ ਰੋਕਥਾਮ** : ਉਪਰੋਕਤ ਦੱਸੇ ਚੂਹੇਮਾਰ ਤਰੀਕਿਆਂ ਵਿੱਚੋਂ ਕਿਸੇ ਵੀ ਇਕ ਤਰੀਕੇ ਨਾਲ ਸਾਰੇ ਚੂਹੇ ਨਹੀਂ ਮਾਰੇ ਜਾ ਸਕਦੇ। ਇਕ ਸਮੇਂ ਦੀ ਰੋਕਥਾਮ ਤੋਂ ਬਾਅਦ ਬਚੇ ਹੋਏ ਚੂਹੇ ਬੜੀ ਤੇਜ਼ੀ ਨਾਲ ਬੱਚੇ ਜੰਮ ਕੇ ਰੋਕਥਾਮ ਤੋਂ ਪਹਿਲਾਂ ਵਾਲੀ ਗਿਣਤੀ ਵਿਚ ਆ ਜਾਂਦੇ ਹਨ। ਇਸ ਲਈ ਬਹੁਪੱਖੀ ਵਿਉਂਤਬੰਦੀ ਨਾਲ ਇਕ ਤੋਂ ਵੱਧ ਤਰੀਕੇ ਅਪਣਾ ਕੇ ਚੂਹਿਆਂ ਦੀ ਰੋਕਥਾਮ ਕਰੋ।

**ਪਿੰਡ ਪੱਧਰ ਤੇ ਚੂਹੇਮਾਰ ਮੁਹਿੰਮ** : ਥੋੜ੍ਹੇ ਰਕਬੇ ਵਿਚ ਚੂਹਿਆਂ ਦੀ ਰੋਕਥਾਮ ਬੇਅਸਰ ਸਾਬਤ ਹੁੰਦੀ ਹੈ ਕਿਉਂਕਿ ਨਾਲ ਲਗਦੇ ਖੇਤਾਂ ਵਿੱਚੋਂ ਚੂਹੇ ਮੁੜ ਆ ਵਸਦੇ ਹਨ। ਇਸ ਲਈ ਚੰਗੇ ਨਤੀਜੇ ਹਾਸਲ ਕਰਨ ਲਈ ਚੂਹੇਮਾਰ ਮੁਹਿੰਮ ਦਾ ਪਿੰਡ ਪੱਧਰ ਤੇ ਅਪਨਾਉਣਾ ਬਹੁਤ ਜ਼ਰੂਰੀ ਹੈ, ਜਿਸ ਵਿਚ ਇਕ ਪਿੰਡ ਦੀ ਸਾਰੀ ਜ਼ਮੀਨ (ਬੀਜੀ ਹੋਈ, ਬਾਗਾਂ ਵਾਲੀ, ਜੰਗਲਾਤ ਵਾਲੀ ਅਤੇ ਖਾਲੀ) ਉੱਤੇ ਇਕੱਠੇ ਤੌਰ ਤੇ ਚੂਹਿਆਂ ਦਾ ਖਾਤਮਾ ਕੀਤਾ ਜਾਵੇ।

# ਪੰਜਾਬ ਸਰਕਾਰ ਵੱਲੋਂ 11 ਜੂਨ ਤੋਂ ਝੋਨੇ ਦੀ ਲੁਆਈ ਨੂੰ ਹਰੀ ਝੰਡੀ

ਪੰਜਾਬ ਵਿਚ ਐਤਕੀਂ ਝੋਨੇ ਦੀ ਲੁਆਈ 11 ਜੂਨ ਤੋਂ ਸ਼ੁਰੂ ਹੋਵੇਗੀ ਜੋ ਕਿ ਪਿਛਲੇ ਵਰ੍ਹੇ ਨਾਲੋਂ ਪੰਜ ਦਿਨ ਅਗੇਤੀ ਹੈ। ਇਸ ਵਾਰ ਸਮੁੱਚੇ ਪੰਜਾਬ ਨੂੰ ਦੋ ਜ਼ੋਨਾਂ ਵਿਚ ਵੰਡ ਕੇ ਝੋਨੇ ਦੀ ਲੁਆਈ ਕੀਤੀ ਜਾਣੀ ਹੈ ਅਤੇ ਲੰਘੇ ਵਰ੍ਹੇ ਤਿੰਨ ਜ਼ੋਨ ਬਣਾਏ ਗਏ ਸਨ। ਪਿਛਲੇ ਸਾਲ ਝੋਨੇ ਦੀ ਲੁਆਈ ਮਾਲਵੇ ਵਿਚ 16 ਜੂਨ ਤੋਂ ਸ਼ੁਰੂ ਹੋਈ ਸੀ। ਝੋਨੇ ਦੀ ਸਿੱਧੀ ਬਿਜਾਈ 31 ਮਈ ਤੱਕ ਹੋਵੇਗੀ ਜਿਸ ਦੌਰਾਨ ਅੱਠ ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇਗੀ।

## ਅੱਠ ਘੰਟੇ ਤੋਂ ਵੱਧ ਮਿਲੇਗੀ ਬਿਜਲੀ

ਝੋਨੇ ਦੇ ਸੀਜ਼ਨ ਵਿਚ ਕਿਸਾਨਾਂ ਨੂੰ ਰੋਜ਼ਾਨਾ ਅੱਠ ਘੰਟੇ ਤੋਂ ਜ਼ਿਆਦਾ ਬਿਜਲੀ ਮਿਲ ਸਕਦੀ ਹੈ। ਨੋਟੀਫਿਕੇਸ਼ਨ ਵਿਚ ਦਰਜ ਹੈ ਕਿ ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਵਿਚ ਘੱਟ ਘੱਟ 8 ਘੰਟੇ ਬਿਜਲੀ ਦਿੱਤੀ ਜਾਵੇਗੀ ਜਿਸ ਦਾ ਮਤਲਬ ਸਾਫ ਹੈ ਕਿ ਸਰਕਾਰ ਅੱਠ ਘੰਟਿਆਂ ਤੋਂ ਜ਼ਿਆਦਾ ਬਿਜਲੀ ਦੇ ਸਕਦੀ ਹੈ। ਪਨੀਰੀ ਦੇ ਸਮੇਂ ਦੌਰਾਨ ਵੀ ਕਿਸਾਨਾਂ ਨੂੰ ਰੋਜ਼ਾਨਾਂ ਤਿੰਨ-ਚਾਰ ਘੰਟੇ ਬਿਜਲੀ ਮਿਲੇਗੀ। ਪਾਵਰਕੌਮ ਨੇ ਝੋਨੇ ਦੇ ਸੀਜ਼ਨ ਲਈ ਬਿਜਲੀ ਸਪਲਾਈ ਦੇ ਪ੍ਰਬੰਧ ਕਰ ਲਏ ਹਨ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ ਜਿਸ ਤਹਿਤ ਮਾਲਵਾ ਖਿੱਤੇ ਦੇ ਜ਼ਿਲ੍ਹਾ ਮੁਕਤਸਰ ਸਾਹਿਬ, ਫਰੀਦਕੋਟ, ਮਾਨਸਾ, ਬਠਿੰਡਾ, ਫਾਜ਼ਿਲਕਾ ਤੇ ਫਿਰੋਜ਼ਪੁਰ ਤੋਂ ਇਲਾਵਾ ਕੌਮਾਂਤਰੀ ਸਰਹੱਦਾਂ ਦੀ ਕੰਡਿਆਲੀ ਤਾਰ ਤੋਂ ਪਾਰ ਲਈ ਝੋਨੇ ਦੀ ਲਵਾਈ 11 ਜੂਨ ਤੋਂ ਸ਼ੁਰੂ ਹੋਵੇਗੀ। ਪਿਛਲੇ ਵਰ੍ਹੇ ਮਾਲਵੇ ਦੇ ਸੱਤ ਜ਼ਿਲ੍ਹਿਆ ਵਿਚ ਝੋਨੇ ਦੀ ਲੁਆਈ 16 ਜੂਨ ਤੋਂ ਸ਼ੁਰੂ ਹੋਈ ਸੀ।

ਉਪਰੋਕਤ ਜ਼ਿਲ੍ਹਿਆਂ ਤੋਂ ਇਲਾਵਾ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਵਿਚ ਝੋਨੇ ਦੀ ਲੁਆਈ ਲਈ 15 ਜੂਨ ਤੈਅ ਕੀਤੀ ਗਈ ਹੈ ਜਦਕਿ ਲੰਘੇ ਵਰ੍ਹੇ 9 ਜ਼ਿਲ੍ਹਿਆਂ



ਵਿਚ ਝੋਨੇ ਦੀ ਲੁਆਈ ਆਖਰੀ ਗੇੜ ਵਿਚ 21 ਜੂਨ ਨੂੰ ਸ਼ੁਰੂ ਹੋਈ ਸੀ। ਸਾਲ 2022 ਵਿਚ ਝੋਨੇ ਦੀ ਲੁਆਈ ਮਾਲਵਾ ਖਿੱਤੇ ਵਿਚ 17 ਜੂਨ ਜਦ ਕਿ ਸਾਲ 2021 ਵਿਚ 13 ਜੂਨ ਤੋਂ ਸ਼ੁਰੂ ਹੋਈ ਸੀ। ਪੰਜਾਬ ਸਰਕਾਰ ਵਲੋਂ ਝੋਨੇ ਲਈ ਨਹਿਰੀ ਪਾਣੀ ਦੀ ਵਰਤੋਂ ਲਈ ਵੀ ਪ੍ਰੇਰਿਆ ਜਾ ਰਿਹਾ ਹੈ। ਜਲ ਸਰੋਤ ਮਹਿਕਮੇ ਨੇ ਵੀ ਇਨ੍ਹਾਂ ਦਿਨਾਂ ਵਿਚ ਨਹਿਰਾ ਤੇ ਰਜਵਾਹਿਆਂ ਨੇੜਲੇ ਖੇਤਰਾਂ ਵਿਚ ਪਾਣੀ ਵੱਧ ਮਾਤਰਾ ਵਿਚ ਦੇਣ ਦਾ ਫੈਸਲਾ ਕੀਤਾ ਹੈ। ਪੰਜਾਬ ਸਰਕਾਰ ਨੇ ਝੋਨੇ ਦੀ ਘੱਟ ਪਾਣੀ ਲੈਣ ਵਾਲੀ ਕਿਸਮ ਪੀ ਆਰ 126 ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕੀਤਾ ਹੈ ਅਤੇ ਪਿਛਲੇ ਸਾਲ ਇਸ ਕਿਸਮ ਦੀ ਲੁਆਈ ਵਧਣ ਨਾਲ ਬਿਜਲੀ ਦੇ ਕਰੀਬ 477 ਕਰੋੜ ਰੁਪਏ ਬਚੇ ਸਨ। ਜਾਣਕਾਰੀ ਅਨੁਸਾਰ ਇਸ ਸਾਲ ਜੂਨ ਮਹੀਨੇ ਦੇ ਅਖੀਰਲੇ ਹਫਤੇ ਮੌਨਸੂਨ ਆਉਣ ਦਾ ਅਨੁਮਾਨ ਹੈ।

RNI/42269/83

# ਖੇਤਾਂ ਦੇ ਨਾੜਾਂ ਦੀ ਅੱਗ ਕਦੋਂ ਥੰਮੇਗੀ

## ਅਸਲ ਹੱਲ ਮਸ਼ੀਨਰੀ ਜਾਂ ਮਾਨਸਿਕਤਾ?

## ਫੈਸਲਾ ਕਿਸ ਦੇ ਹੱਥ ਪ੍ਰਸਾਸ਼ਨ ਜਾਂ ਆਮ ਲੋਕਾਂ ਦੇ?

ਅੱਜ ਹਰੇਕ ਇਨਸਾਨ ਨੂੰ ਸਮਝ ਦੇ ਤੌਰ ਤੇ ਇਹ ਮੰਨਣਾ ਪਵੇਗਾ ਕਿ ਇਨਸਾਨ ਦੀਆਂ ਜਹਾਨ ਤੇ ਦੋ ਮਾਵਾਂ ਹਨ । ਪਹਿਲੀ ਉਹ ਜੋ ਸਰੀਰਕ ਤੌਰ ਤੇ ਸਾਨੂੰ ਜਨਮ ਦਿੰਦੀ ਹੈ, ਤੇ ਮੁੜ ਸਮੇਂ ਨਾਲ ਬਿਰਧ ਅਵਸਥਾ ਤੋਂ ਬਾਅਦ ਸਰੀਰ ਛੱਡ ਜਾਣ ਤੇ ਉਸ ਨੂੰ ਸਦੀਵੀ ਅਗਨੀ ਭੇਂਟ ਕੀਤੀ ਜਾਂਦੀ ਹੈ । ਦੂਸਰੀ ਮਾਂ ਉਹ ਹੈ ਜੋ ਗੁਰੂ ਸਾਹਿਬ ਨੇ ਸਾਨੂੰ ਬਾਣੀ ਵਿਚ ਮਾਤਾ ਧਰਤਿ ਮਹਤੁ ਦੇ ਦਰਜੇ ਦੇ ਧਰਤੀ ਮਾਂ ਦਿੱਤੀ ਹੈ । ਜੋ ਸਾਨੂੰ ਆਰਥਿਕ, ਸਮਾਜਿਕ ਤੌਰ ਤੇ ਖੁਸ਼ਹਾਲ ਕਰਦੀ ਹੈ ਤੇ ਸਾਡੇ ਸਾਰੇ ਪਰਿਵਾਰ ਨੂੰ ਦਾਣਾ ਦੇ ਕੇ ਵਧਾਉਂਦੀ ਫੁੱਲਦੀ ਹੈ । ਜਿਸ ਨਾਲ ਅਸੀਂ ਚੰਗੀ ਜ਼ਿੰਦਗੀ ਜਿਉਂਦੇ ਹਾਂ । ਅੱਜ ਨਾ ਸਮਝੀਂ ਕਰਕੇ ਅਸੀਂ ਏਸ ਧਰਤਿ ਨੂੰ ਵੀ ਜਾਣਬੁੱਝ ਦੇ ਸਾੜੀ ਜਾਂਦੇ ਹਾਂ । ਸਿਆਣਿਆਂ ਕਿਹਾ ਹੈ ਕਿ ਜਿਹੜੀ ਧਰਤਿ ਦਾ ਖਾਈਏ, ਉਸਨੂੰ ਅੱਗ ਨਾ ਕਦੇ ਲਗਾਈਏ । ਇਸ ਗੱਲ ਨੂੰ ਕਦੋਂ ਤੇ ਕਿੰਨੇ ਸਮਝਣਾ, ਕਿਸ ਤਰ੍ਹਾਂ ਸਮਝਣਾ ਪਤਾ ਨਹੀਂ, ਆਪਾਂ ਕੇਵਲ ਲਾਈਨ ਬਣਾ ਕੇ ਤੁਰਨ ਨੂੰ ਹੀ ਪਹਿਲ ਦੇਈਏ, ਆਪਣਾ ਵੀ ਦਿਮਾਗ ਵਰਤੀਏ ਕਿ ਕੀ ਸਾਡੇ ਆਲੇ ਦੁਆਲੇ ਤੇ ਸਾਡੀ ਸਿਹਤ ਲਈ ਕੀ ਚੰਗਾ ਹੈ ਤੇ ਕੀ ਇਸ ਦੇ ਫਾਇਦੇ ਤੇ ਨੁਕਸਾਨ ਬਾਰੇ ਵਿਚਾਰੀਏ । ਲੇਖਕ ਨਰਿੰਦਰ ਕਪੂਰ ਕਹਿੰਦੇ ਹਨ ਕਿ ਪੰਜਾਬੀ ਆਪਣੇ ਦਿਮਾਗ ਤੇ ਬੋਝ ਘੱਟ ਪਾਉਂਦੇ ਹਨ । ਕਿਉਂਕਿ ਅੱਜ ਗੱਲ ਕੇਵਲ ਸਮਝਦਾਰ ਮਾਨਸਿਕਤਾ ਦੀ ਹੈ ਨਾ ਕਿ ਕੋਲ ਪਈ ਭਾਰੀ ਮਸ਼ੀਨਰੀਆਂ ਹੋਣ ਦੀ ਹੈ । ਜੋ ਕਿ ਅਸੀਂ ਇਕ ਦੂਜੇ ਨੂੰ ਕੋਸਣ ਨਾਲ ਆਪਣੀ ਜ਼ਿੰਮੇਵਾਰੀ ਤੋਂ ਫਾਰਗ ਨਹੀਂ ਹੋ ਜਾਵਾਂਗੇ ।

ਦੋਸਤੋ ਵੈਸੇ ਤਾਂ ਹੈਡਿੰਗ ਪੜ੍ਹ ਕੇ ਬਹੁਤ ਕੁੱਝ ਵਾਰਤਾ ਕਲੀਅਰ ਹੋ ਜਾਂਦਾ ਹੈ, ਕਿਉਂਕਿ ਅਸੀਂ ਇਨਸਾਨ ਵੀ ਜਿਵੇਂ ਵਾਤਾਵਰਣ ਨੂੰ ਸਾਫ ਨਾ ਰੱਖਣ ਤੇ ਮਿੱਤਰ ਕੀੜੇ ਕੁਦਰਤੀ ਜੀਵ ਜੰਤੂਆਂ, ਪਸ਼ੂ ਪੰਛੀਆਂ ਨੂੰ ਹਨੇਰੇ ਵਿਚ ਧੱਕਣ ਲਈ ਹੀ ਜਿਵੇਂ ਬਜਿੱਦ ਜਿਹੇ ਹੋ ਗਏ ਹਾਂ । ਆਖੇ ਹਰ ਹਾਲੇਂ ਕੁੱਝ ਵੀ ਹੋ ਜਾਵੇ ਸੂਰਜ ਏਧਰ ਤੋਂ ਉੱਪਰ ਹੋ ਜਾਵੇ, ਬੱਸ ਆਪਾਂ ਤਾਂ ਫਸਲੀ ਰਹਿੰਦ ਖੂੰਹਦ ਨੂੰ ਅੱਗ ਹਰ ਸੀਜ਼ਨ ਤੇ ਲਗਾਉਣੀ ਹੀ ਲਗਾਉਣੀ ਹੈ, ਏਸੇ ਲਈ ਸ਼ਾਇਦ ਇਹ ਅਖਾਣ ਲੋਕਾਂ ਬਣਾਇਆ ਦੁਨੀਆਂ ਜਾਵੇ ਢੱਠੇ ਖੂਹ ਵਿਚ ਸਾਨੂੰ ਕੀ । ਅਜਿਹੇ ਗਲਤ ਉਪਰਾਲੇ ਕਰਨ ਵਾਲੇ ਛੋਟੀ ਸੋਚ ਦੇ ਮਾਲਕਾਂ ਤੇ ਵੀ ਤਰਸ ਆਉਂਦਾ ਹੈ, ਕਿ ਏਨਾਂ ਨੂੰ ਦੁਆਵਾਂ ਦੇਈਏ ਜਾਂ ਬੱਦੁਆਵਾਂ । ਕਈ ਦੋਸਤਾਂ ਨੂੰ ਲੇਖ ਪੜ੍ਹਦੇ ਸਮੇਂ ਹੋ ਸਕਦਾ ਗੁੱਸਾ ਵੀ ਸਖਤ ਲਖਤ ਲਫਜ਼ ਪੜ੍ਹ ਕੇ ਲੱਗੇ, ਪਰ ਇਹ ਵੀ ਸਮਝਣਾ ਪੈਣਾ ਕਿ ਜਾਂ ਤਾਂ ਸੱਚ ਬੋਲੋਂ ਨਾ, ਭੇਦ ਲੁਕੇ ਰਹਿਣਗੇ । ਜੇਕਰ ਸੱਚ ਬੋਲਣ ਦਾ ਬੀੜਾ ਚੁੱਕਿਆ ਹੈ ਤਾਂ ਫੇਰ ਉਹ ਝੂਠੇ ਗਲਤ ਬੰਦੇ ਨੂੰ ਚੁੱਭੂ ਜ਼ਰੂਰ ਤੇ ਜੇਕਰ ਉ ਸਮਝ ਦੇ ਚੱਲਿਆ ਤਾਂ ਪੜ੍ਹਨ ਵਾਲਾ ਵੀ ਦਿਲੋਂ ਸਾਡੇ ਵਾਂਗ ਖਲਕਤ ਨੂੰ ਬਰਬਾਦ ਹੁੰਦੇ ਦੇਖ ਕੇ ਦੁਖੀ ਮਹਿਸੂਸ ਹੋਊ । ਸਟੇਟ ਨੂੰ ਭੰਡਣ ਵਾਲੀ ਗੱਲ ਅਲੱਗ ਕਰਕੇ ਦੇਖੀਏ ਤਾਂ ਪਹਿਲਾਂ ਆਪਣੇ ਘਰ ਵਿਚ ਬਣੀ ਸਵਾਹ/ਰਾਖ ਧੂੰਏਂ ਤੋਂ ਕਿੱਦਾਂ ਆਪ ਹੀ ਬਚੀਏ ਇਹ ਵੱਡੀ ਬਹਿਸ ਦਾ ਵਿਸ਼ਾ ਹੈ ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401



ਸਮੇਂ ਸਮੇਂ ਤੇ ਪੰਜਾਬ ਦੀਆਂ ਸਰਕਾਰਾਂ ਵੱਲੋਂ ਵੀ ਪੰਜਾਬ ਦੇ ਸਾਰੇ ਵਿਭਾਗਾਂ ਦੇ ਛੋਟੇ ਵੱਡੇ ਮੁਲਾਜ਼ਮਾਂ ਦੀਆਂ ਸੇਵਾਵਾਂ ਏਨਾ ਸਟੱਬਲ ਬਰਨਿੰਗ ਮਤਲਬ ਨਾੜ ਦੀ ਅੱਗ ਨੂੰ ਰੋਕਣ ਲਈ ਤੇ ਪਿੰਡ ਪੱਧਰ ਤੇ ਕਿਸਾਨਾਂ ਤੇ ਆਮ ਲੋਕਾਂ ਨੂੰ ਮਨੁੱਖਤਾ ਅਤੇ ਵਾਤਾਵਰਨ ਸਾਫ ਰੱਖਣ, ਕੁਦਰਤੀ ਜੀਵਾਂ ਨੂੰ ਬਚਾਉਣ ਤੇ ਏਸ ਅੱਗ ਨਾਲ ਪੈਂਦੇ ਜਨ ਜੀਵਨ ਤੇ ਮਾੜੇ ਪ੍ਰਭਾਵਾਂ ਨੂੰ ਜਾਣੂ ਕਰਵਾਉਣ ਲਈ ਹਰੇਕ ਸੀਜ਼ਨ ਤੇ ਕੈਂਪ ਰੂਪੀ ਸਮਾਗਮ ਪਿੰਡਾਂ ਚ ਕਰਵਾਏ ਜਾਂਦੇ ਹਨ । ਅੱਜ ਏਸ ਅੱਗ ਨਾਲ ਵਾਪਰੇ ਵੱਡੇ ਦੁਖਾਂਤ ਤੋਂ ਵੀ ਇਨਸਾਨ ਸ਼ਾਇਦ ਸਮਝ ਸਿੱਖ ਨਹੀਂ ਪਾ ਰਿਹਾ, ਜਿਵੇਂ ਕੁੱਠ ਦਿਨ ਪਹਿਲਾਂ ਘੁਮਾਣ ਮਹਿਤਾ ਰੋਡ ਤੇ ਇਨਸਾਨ ਵੱਲੋਂ ਆਪਣੇ ਖੇਤਾਂ ਦੇ ਨਾੜ ਨੂੰ ਲਗਾਈ ਅੱਗ ਦੀ ਭੇਟ ਸਾਰਾ ਪਰਿਵਾਰ ਬੱਚੇ ਸਮੇਤ ਧੂੰਏਂ 'ਚ ਟਰੱਕ ਹੇਠਾਂ ਆ ਗਿਆ, ਉਥੇਂ ਭੁਲੱਥ 'ਚ ਨੌਜਵਾਨ ਆਪਣੇ ਪਿਤਾ ਦਾ ਹਸਪਤਾਲ ਤੋਂ ਪਤਾ ਲੈ ਕੇ ਆਉਂਦੇ ਅੱਗ ਦੀ ਭੇਂਟ ਚ ਖਤਮ ਹੋ ਗਿਆ, ਸਮਾਣਾ, ਤਰਨਤਾਰਨ ਨਾੜ ਦੀ ਅੱਗ ਨਾਲ ਪਸ਼ੂ ਢਾਰੇ ਤੇ ਪਸ਼ੂ ਦੋਨੋਂ ਸਾੜੇ ਗਏ, ਫਤਿਹਗੜ੍ਹ ਚੂੜੀਆਂ ਬੱਚਿਆਂ ਦਾ ਬੱਸ ਹਾਦਸਾ, ਕਾਹਨੂੰਵਾਨ ਦੇ ਪਿੰਡ ਭੱਟੀਆਂ ਦੇ ਪੁੱਲ ਤੇ ਸਾਈਕਲ ਸਵਾਰ ਧੂੰਏਂ ਨਾਲ ਸੜਕ ਤੇ ਖੜੀਆਂ ਤਵੀਆਂ 'ਚ ਜਾ ਟਕਰਾਇਆ ਰੀੜ੍ਹ ਦੀ ਹੱਡੀ ਦਾ ਨੁਕਸਾਨ ਹੋਇਆ, ਪਤਾ ਨਹੀਂ ਕਿੰਨੇ ਕੁ ਹੋਰ ਦੁਖਦ ਪਲ ਲਿਖਾਂ, ਪਰ ਅਜੇ ਵੀ ਸਮਝ ਰੁਕਦੀ ਏਨਾਂ ਲੋਕਾਂ ਦੀ ਦਿਸ ਨਹੀਂ ਜਾਪ ਰਹੀ ।

ਏਥੋਂ ਤੱਕ ਕਿ ਦੇਸ਼ 'ਚ ਵੱਡੇ ਪੱਧਰ ਤੇ ਪਿੰਡ ਦੇ ਖੇਤ ਵਿਚ ਲੱਗੀ ਅੱਗ ਦੀ ਪੁਸ਼ਟੀ ਕਰਨ ਜਾਂ ਦਿਸ਼ਾ ਦੇਖਣ ਲਈ ਵਿਦੇਸ਼ੀ ਸੈਟੇਲਾਈਟਾਂ ਰਾਹੀਂ ਸਰਕਾਰਾਂ ਵੱਲੋਂ ਵੀ ਮੱਦਦ ਲਈ ਜਾ ਰਹੀ ਹੈ । ਜਿਸ ਦਾ ਪੰਜਾਬ ਵਿਚ ਰਿਮੋਟ ਸੈਸਸਿੰਗ ਵੱਲੋਂ ਮਾਪਦੰਡ ਦੇਖ ਕੇ ਮੁਲਾਜ਼ਮਾਂ ਨੂੰ ਅੱਗ ਲੱਗਣ ਵਾਲੀ ਥਾਂ ਦੀ ਲੋਕੇਸ਼ਨ ਭੇਜੀ ਜਾਂਦੀ ਹੈ । ਇਹ ਇਸ ਲਈ ਵੀ ਹੈ ਕਿ ਜੋ ਲੁਕ ਛਿਪ ਕੇ ਵੀ ਜਿਸ ਇਨਸਾਨ ਵੱਲੋਂ ਉੱਥੇ ਅੱਗ ਲਗਾਈ ਹੈ, ਉਸ ਸਥਾਨ ਤੇ ਜਾ ਕੇ ਸੰਬੰਧਿਤ ਪਿੰਡ ਦੇ ਰੈਵਿਨਿਊ ਮੁਲਾਜ਼ਮਾਂ ਨੂੰ ਨਾਲ ਲੈ ਕੇ ਖੇਤ ਦੇ ਕਾਸ਼ਤਕਾਰ ਦਾ ਪਤਾ ਲਗਾਇਆ ਜਾ ਸਕੇ । ਅਗਾਂਹ ਉਸ ਇਨਸਾਨ ਨੂੰ ਸਮਝਾਉਣਾ ਜਾਂ ਕਾਨੂੰਨ ਦੁਆਰਾ ਕਾਰਵਾਈ ਕਰਨੀ ਹੈ ਉਹ ਮੌਕੇ ਤੇ ਮੁਲਾਜ਼ਮਾਂ ਵਲੋਂ ਤਹਿ ਕਰਨਾ ਹੁੰਦਾ । ਇਹ ਵੀ ਸੰਬੰਧਿਤ ਮੁਲਾਜ਼ਮਾਂ ਵੱਲੋਂ ਤਸਦੀਕ ਕੀਤਾ ਜਾਂਦਾ ਹੈ ਕਿ ਲੱਗੀ ਅੱਗ ਇਨਸਾਨ ਨੇ ਖੁਦ ਲਗਾਈ ਹੈ ਜਾਂ ਨੇੜੇ ਦੇ ਖੇਤਾਂ ਚੋਂ ਆਈ ਹੈ । ਦੇਖਿਆ ਸਮਝਿਆ ਜਾਵੇ ਤਾਂ ਅੱਜ ਕੋਈ ਵੀ ਦੇਸ਼ ਦਾ ਇਨਸਾਨ ਅਜਿਹਾ ਨਹੀਂ ਹੋਵੇਗਾ, ਜਿਸ ਨੂੰ ਅੱਗ ਨਾ ਲਗਾਉਣ ਦੀਆਂ ਅਪੀਲਾਂ ਬਾਰੇ ਨਾ ਪਤਾ ਹੋਵੇ ਜਾਂ ਪਿੰਡ ਵਿਚ ਬੈਠਿਆਂ ਗੱਲਬਾਤ ਏਸ ਮੁੱਦੇ ਤੇ ਨਾ ਛਿੜਦੀ ਹੋਵੇ ਜਾਂ ਪਿੰਡ ਚ ਏਸ ਕੰਮ ਦੀ ਤਫਤੀਸ਼ ਲਈ ਆਏ ਮੁਲਾਜ਼ਮਾਂ ਦਾ ਨਾ ਕਿਸੇ ਨੂੰ ਪਤਾ ਲੱਗਾ ਹੋਵੇ ਅਜਿਹਾ ਨਹੀਂ । ਸਭ ਵਰਗਾਂ ਨੂੰ ਏਸ ਵਾਤਾਵਰਣ ਤੇ ਹੁੰਦੇ ਮਾੜੇ ਪਹਿਲੂਆਂ ਬਾਰੇ ਸਭ ਨੂੰ ਜਾਣਕਾਰੀ ਹੈ । ਸਭ ਤੋਂ ਵੱਡੀ ਗੱਲ ਇਹ ਵੀ ਕਿਤੇ ਸਮਝ ਆਈ ਕਿ ਜਦੋਂ ਪਿੰਡ ਦੇ ਇੱਕ ਇਨਸਾਨ ਨੂੰ ਅੱਗ ਲੱਗੀ ਦੇ ਧੂੰਏਂ ਨੂੰ ਦੇਖਿਆ ਜਾਂਦਾ ਹੈ ਤਾਂ ਦੇਖਾ ਦੇਖੀ ਸਾਰੇ ਪਿੰਡਾਂ ਤੋਂ ਬਲਾਕ ਵਿਚ ਰੁਝਾਨ ਤੁਰ ਪੈਂਦਾ ਹੈ ।

ਚੱਲਦਾ



### ਕਹਿਣ ਸਿਆਣੇ ਬਰਕਤ ਹੁੰਦੀ,
### ਨੇਕ ਕਮਾਈ ਦੀ,
### ਜਿਹੜੀ ਧਰਤੁ ਦਾ ਖਾਈਏ,
### ਉਹਨੂੰ ਅੱਗ ਨਹੀਂ ਲਾਈਦੀ।

## ਕਣਕ ਦੇ ਨਾੜ ਨੂੰ ਅੱਗ ਲਗਾਉਣ ਦੇ ਨੁਕਸਾਨ

- ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ।
- ਬਹੁਤ ਸਾਰੀਆਂ ਪ੍ਰਜਾਤੀਆਂ ਦੇ ਮਿੱਤਰ ਕੀੜੇ ਮਰ ਜਾਂਦੇ ਹਨ।
- ਫਸਲਾਂ ਨੂੰ ਵੱਧ ਬਿਮਾਰੀਆਂ ਲੱਗਦੀਆਂ ਹਨ ਜਿਸਨੂੰ ਕਾਬੂ ਕਰਨ ਲਈ ਜ਼ਿਆਦਾ ਜ਼ਹਿਰਾਂ ਦਾ ਛਿੜਕਾਅ ਕਰਨਾ ਪੈਂਦਾ ਹੈ। ਇਹ ਜ਼ਹਿਰਾਂ ਵਾਤਾਵਰਨ ਨੂੰ ਹੋਰ ਵੀ ਵਧੇਰੇ ਪਲੀਤ ਕਰਦੀਆਂ ਹਨ।
- ਵਾਤਾਵਰਨ ਵਿੱਚ ਫੈਲਦਾ ਜ਼ਹਿਰੀਲਾ ਧੂੰਆਂ ਅੱਖਾਂ ਅਤੇ ਫੇਫੜਿਆਂ ਦੀਆਂ ਗੰਭੀਰ ਬਿਮਾਰੀਆਂ ਕਾਰਨ ਬਣਦਾ ਹੈ।